MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 25 SATURDAY, 18 JUNE, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਬੈਂਕ ਆਫ ਕੈਨੇਡਾ ਵਲੋਂ ਅਗਲੇ ਮਹੀਨੇ 0.75 ਫ਼ੀਸਦੀ ਵਿਆਜ ਦਰ ਵਧਾਉਣ ਦੀ ਸੰਭਾਵਨਾ-ਆਰਥਿਕ ਮਾਹਿਰ




ਓਟਵਾ-ਅਰਥ ਸ਼ਾਸਤਰੀਆਂ ਦਾ ਕਹਿਣਾ ਕਿ ਫੈਡਰਲ ਰਿਜ਼ਰਵ ਅਗਲੇ ਮਹੀਨੇ ਆਪਣੀ ਮੁੱਖ ਵਿਆਜ ਦਰ ਨੂੰ ਪ੍ਰਤੀਸ਼ਤ ਅੰਕ ਦਾ ਤਿੰਨ ਚੌਥਾਈ ਤਕ ਭਾਵ 0.75 ਫ਼ੀਸਦੀ ਤਕ ਵਧਾਉਣ ਜਾ ਰਿਹਾ ਹੈ, ਇਹ 1994 ਪਿੱਛੋਂ ਸਭ ਤੋਂ ਵੱਡਾ ਵਾਧਾ ਹੋਵੇਗਾ ਅਤੇ ਬੈਂਕ ਆਫ ਕੈਨੇਡਾ ਅਗਲੇ ਮਹੀਨੇ ਇਸ ਵਿਚ ਵਾਧਾ ਕਰੇਗਾ। ਅਮਰੀਕੀ ਬੈਂਕ ਅਥਾਰਟੀ ਨੇ ਐਲਾਨ ਕੀਤਾ ਕਿ ਦੇਸ਼ ਦੀ ਬੈਂਚਮਾਰਕ ਦਰ 1.5 ਫ਼ੀਸਦੀ ਅਤੇ 1.75 ਫੀਸਦੀ ਦੇ ਵਿਚਕਾਰ ਹੋਵੇਗੀ ਕਿਉਂਕਿ ਇਹ ਵਧ ਰਹੀ ਮਹਿੰਗਾਈ 'ਤੇ ਲਗਾਮ ਲਗਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਬੈਂਕ ਆਫ ਕੈਨੇਡਾ ਨੇ ਹਾਲ ਹੀ ਵਿਚ ਆਪਣੀ ਵਿਆਜ ਦਰ ਨੂੰ ਦੋ ਵਾਰ ਅੱਧਾ ਪੁਆਇੰਟ ਵਧਾਇਆ ਹੈ ਅਤੇ ਜੂਨ ਵਿਚ ਇਸ ਨੇ 1.5 ਫ਼ੀਸਦੀ ਕਰ ਦਿੱਤਾ। ਗਵਰਨਰ ਟਿਫ ਮਾਕਲਮ ਨੇ ਸੰਕੇਤ ਦਿੱਤਾ ਕਿ ਉਹ ਹੋਰ ਜ਼ੋਰਦਾਰ ਕਾਰਵਾਈ ਕਰਨ ਲਈ ਤਿਆਰ ਹੈ।

# ਬੀ.ਸੀ. ਲਿਬਰਲ ਲੀਡਰ ਕੇਵਿਨ ਫਾਲਕਨ ਵਲੋਂ ਪਾਰਟੀ ਨੂੰ ਮੁੜ ਮਜ਼ਬੂਤ ਬਣਾਉਣ ਦਾ ਵਾਅਦਾ

## ਪਾਰਟੀ ਦਾ ਨਾਂਅ ਬਦਲਣ ਲਈ ਸਲਾਹ ਮਸ਼ਵਰਾ ਜਾਰੀ

ਵਿਕਟੋਰੀਆ-ਬੀਸੀ ਲਿਬਰਲ ਪਾਰਟੀ ਦੀ 2022 ਕਨਵੈਨਸ਼ਨ ਵਿਖੇ ਆਪਣੇ ਮੁੱਖ ਭਾਸ਼ਣ ਵਿਚ ਕੇਵਿਨ ਫਾਲਕਨ ਨੇ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਲਈ ਨਵੇਂ ਸਿਰੇ ਤੋਂ ਕੀਤੇ ਵਾਅਦੇ ਨਾਲ ਪਾਰਟੀ ਦੇ ਨਾਂਅ ਵਿਚ ਸੰਭਾਵਤ ਤਬਦੀਲੀ ਸ਼ੁਰੂ ਕਰ ਦਿੱਤੀ ਹੈ। ਬ੍ਰਿਟਿਸ਼ ਕੋਲੰਬੀਆ ਲਿਬਰਲ ਦੇ ਨਵੇਂ ਬਣੇ ਨੇਤਾ ਕੇਵਿਨ ਫਾਲਕਨ ਪਹਿਲਾਂ ਹੀ ਅਗਲੀਆਂ ਚੋਣਾਂ ਦੀ ਉਡੀਕ ਕਰ ਰਹੇ ਹਨ ਅਤੇ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ ਹੈ ਜਿਸ ਨੂੰ ਜੌਹਨ ਹੋਰਗਨ ਦੀ ਐਨਡੀਪੀ ਸਰਕਾਰ ਹੱਲ ਕਰਨ ਵਿਚ ਨਾਕਾਮ ਰਹੀ ਹੈ। ਉਨ੍ਹਾਂ ਨੇ ਟਿੱਪਣੀਆਂ ਪੈਂਟਿਕਟਨ ਵਿਚ 2022 ਬੀਸੀ ਲਿਬਰਲ ਪਾਰਟੀ ਦੇ ਸੰਮੇਲਨ ਦੇ ਮੁੱਖ ਭਾਸ਼ਣ ਵਿਚ ਕੀਤੀਆਂ। ਪਾਰਟੀ ਦਾ ਕਹਿਣਾ ਕਿ ਅਗਲੀਆਂ ਸੂਬਾ ਚੋਣਾਂ ਜਿਹੜੀਆਂ ਮੌਜੂਦਾ ਸਮੇਂ 2024 ਵਿਚ ਹੋਣਗੀਆਂ ਤੋਂ ਪਹਿਲਾਂ ਰਣਨੀਤੀ ਬਣਾਉਣ ਲਈ ਲਗਪਗ 800 ਡੈਲੀਗੇਟਸ ਇਕੱਤਰ ਹੋਏ। ਫਾਲਕਨ ਜਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਪਾਰਟੀ ਲੀਡਰਸ਼ਿਪ ਦੀ ਦੌੜ ਜਿੱਤੀ ਨੇ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਕੇ ਪਾਰਟੀ ਨੂੰ ਮੁੜ ਕਾਇਮ ਕਰਨ ਨੂੰ ਲੈ ਕੇ ਆਪਣੇ ਵਾਅਦੇ ਨੂੰ ਮੁੜ ਦੁਹਰਾਇਆ ਹੈ। ਉਨ੍ਹਾਂ ਸੂਬੇ ਵਿਚ ਡਾਕਟਰਾਂ ਦੀ ਘਾਟ, ਓਵਰਡੋਜ਼ ਸੰਕਟ, ਕਿਫਾਇਤੀ ਘਰਾਂ, ਸਿੱਖਿਆ ਲਈ ਫੰਡ ਅਤੇ 789 ਮਿਲੀਅਨ ਡਾਲਰ ਨਾਲ ਅਜਾਇਬ ਘਰ ਦੇ ਪੁਨਰ ਨਿਰਮਾਣ ਪ੍ਰਾਜੈਕਟ ਨੂੰ ਸ਼ੁਰੂ ਕਰਨ ਦੀਆਂ ਯੋਜਨਾਵਾਂ ਲਈ ਐਨਡੀਪੀ ਸਰਕਾਰ ਦੇ ਰੁਖ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਅਗਲੀਆਂ ਚੋਣਾਂ ਇਨ੍ਹਾਂ ਸਮੱਸਿਆਵਾਂ ਦੇ ਅਸਲ, ਅਰਥ ਭਰਪੂਰ ਅਤੇ ਠੋਸ ਹੱਲ ਦੀ ਪੇਸ਼ਕਸ਼ ਨਾਲ ਜਿੱਤੇਗੀ। ਐਨਡੀਪੀ ਵੈਨਕੂਵਰ-ਕੇਨਸਿੰਗਟਨ ਤੋਂ ਐਮਐਲਏ ਮੈਬਲ ਐਲਮੋਰ ਨੇ ਭਾਸ਼ਣ ਪਿੱਛੋਂ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਫਾਲਕਨ ਪੁਰਾਣੀਆਂ ਪਹੁੰਚਾਂ ਨੂੰ ਦੁੱਗਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਫਾਲਕਨ ਅਜੇ ਵੀ ਅਮੀਰ ਲੋਕਾਂ ਲਈ ਕੰਮ ਕਰ ਰਿਹਾ ਹੈ ਅਤੇ ਬਾਕੀ ਸਾਰਿਆਂ ਨੂੰ ਪਿੱਛੇ ਛੱਡ ਰਿਹਾ ਹੈ। ਸਨਿਚਰਵਾਰ ਲਿਬਰਲ ਪਾਰਟੀ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਨਾਂਅ ਬਦਲਣ ਵਾਲੀ ਕਮੇਟੀ ਸਾਰੇ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰੇਗੀ ਜਿਨ੍ਹਾਂ ਕੋਲ ਨਵੇਂ ਪ੍ਰਸਤਾਵਤ ਨਾਂਅ ਜਾਂ ਸਾਲ ਦੇ ਅਖੀਰ ਤਕ ਮੌਜੂਦਾ ਨਾਂਅ ਰੱਖਣ ਲਈ ਵੋਟ ਦੇਣ ਦਾ ਮੌਕਾ ਹੋਵੇਗਾ। ਬੀਸੀ ਲਿਬਰਲ ਫੈਡਰਲ ਲਿਬਰਲ ਪਾਰਟੀ ਨਾਲ ਸਬੰਧਤ ਨਹੀਂ ਅਤੇ ਆਪਣੇ ਆਪ ਨੂੰ ਬੀਸੀ ਵਿਚ ਬਣਾਇਆ ਮੁਫਤ ਐਂਟਰਪ੍ਰਾਈਜ਼ ਗੱਠਜੋੜ ਆਖਿਆ ਹੈ।



For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

ਦਫ਼ਤਰ ਲਈ ਜਗ੍ਹਾ
80 ਐਵਿਨਿਊ 'ਤੇ ਪਿਕਸ ਬਿਲਡਿੰਗ ਵਿੱਚ ਦੂਜੀ ਮੰਜ਼ਿਲ 'ਤੇ 1000 ਸੁਕੁਏਅਰ ਫੁੱਟ ਦਫ਼ਤਰ ਲਈ ਜਗ੍ਹਾ ਉਪਲਬਧ। ਪੂਰੀ ਵਿੰਡੋ ਐਕਸਪੋਜ਼ਰ।
ਬਹੁਤ ਵਧੀਆ ਲੋਕੇਸ਼ਨ ਫਾਰ:
-ਮੌਰਗੇਜ ਬਰੌਕਰ -ਇਮੀਗ੍ਰੇਸ਼ਨ
-ਅਕਾਉਂਟਸ -ਵਕੀਲ ਜਾਂ ਹੋਰ ਕੋਈ ਬਿਜ਼ਨਸ
ਹੋਰ ਜਾਣਕਾਰੀ ਲਈ ਸੰਪਰਕ:
604-763-2600

Bank Turndown? Could be just what you need!
Quick Private Funds
• $10,000 to $1 Million in just 24 Hours
• Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
AMAN INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੌਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas & Associates
TRIAL LAWYERS

" Simpson, Thomas & Associates are a legal dream team. No other law firm could have fought this claim as it takes a lot of resources to fight a case of this nature. "

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

" Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved. "

– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**

STA has support staff fluent in Punjabi, Hindi and Gujarati.

**Your Needs Come First**

If mobility is a challenge, we can come to you.



**Adam Ueland**
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**"We have offices in Vancouver and Surrey/Delta."**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 10 ISSUE : 25 SATURDAY, 18 JUNE, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁਝ ਖਬਰਾਂ ਕੁਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਅਗਨੀਪਥ ਸਕੀਮ ਦਾ ਦੇਸ਼ 'ਚ ਭਾਰੀ ਵਿਰੋਧ ਹਰਿਆਣਾ ਤੇ ਬਿਹਾਰ 'ਚ ਹਿੰਸਕ ਪ੍ਰਦਰਸ਼ਨ

## • ਗੁੱਸੇ 'ਚ ਆਏ ਨੌਜਵਾਨਾਂ ਨੇ ਪੁਲੀਸ ਵਾਹਨ ਤੇ ਰੇਲਗੱਡੀਆਂ ਫੂਕੀਆਂ, ਬੱਸਾਂ ਦੇ ਸ਼ੀਸ਼ੇ ਭੰਨੇ



ਨਵੀਂ ਦਿੱਲੀ-ਸਰਕਾਰ ਵੱਲੋਂ ਹਥਿਆਰਬੰਦ ਬਲਾਂ ਵਿੱਚ ਭਰਤੀ ਲਈ ਐਲਾਨੀ 'ਅਗਨੀਪਥ' ਸਕੀਮ ਖਿਲਾਫ਼ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਹੋਏ ਪ੍ਰਦਰਸ਼ਨਾਂ ਨੇ ਅੱਜ ਦੂਜੇ ਦਿਨ ਹਿੰਸਕ ਰੂਪ ਧਾਰ ਲਿਆ। ਹਰਿਆਣਾ 'ਚ ਕਈ ਥਾਵਾਂ 'ਤੇ ਪੁਲੀਸ ਅਤੇ ਪ੍ਰਦਰਸ਼ਨਕਾਰੀ ਨੌਜਵਾਨਾਂ ਵਿੱਚ ਹਿੰਸਕ ਝੜਪਾਂ ਹੋਈਆਂ। ਪਲਵਲ ਵਿੱਚ ਗੁੱਸੇ 'ਚ ਆਏ ਨੌਜਵਾਨਾਂ ਨੇ ਤਿੰਨ ਪੁਲੀਸ ਵਾਹਨ ਫੂਕ ਦਿੱਤੇ ਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦੀ ਭੰਨਤੋੜ ਕੀਤੀ। ਪ੍ਰਦਰਸ਼ਨਕਾਰੀਆਂ ਨੇ ਹਰਿਆਣਾ ਵਿੱਚ ਰੇਲ ਅਤੇ ਕੌਮੀ ਮਾਰਗਾਂ 'ਤੇ ਆਵਾਜਾਈ ਠੱਪ ਰੱਖੀ। ਇਹਤਿਆਤ ਵਜੋਂ ਪਲਵਲ ਵਿੱਚ 24 ਘੰਟਿਆਂ ਲਈ ਇੰਟਰਨੈੱਟ ਤੇ ਐੱਸਐੱਮਐੱਸ ਸੇਵਾ ਬੰਦ ਕਰ ਦਿੱਤੀਆਂ ਹਨ। ਉਧਰ ਪਟਨਾ ਵਿੱਚ ਵੀ ਪ੍ਰਦਰਸ਼ਨਕਾਰੀ ਨੌਜਵਾਨਾਂ ਨੇ ਰੇਲਗੱਡੀਆਂ ਨੂੰ ਅੱਗ ਲਾ ਦਿੱਤੀ ਤੇ ਬੱਸਾਂ ਦੇ ਸ਼ੀਸ਼ੇ ਭੰਨੇ। ਕੁਝ ਸ਼ਰਾਰਤੀ ਅਨਸਰਾਂ ਨੇ ਪੱਥਰਬਾਜ਼ੀ ਵੀ ਕੀਤੀ, ਜਿਸ ਵਿੱਚ ਭਾਜਪਾ ਵਿਧਾਇਕ ਅਰੁਣਾ ਦੇਵੀ ਸਣੇ ਕੁਝ ਰਾਹਗੀਰ ਜ਼ਖ਼ਮੀ ਹੋ ਗਏ। ਭਾਜਪਾ ਦੇ ਇੱਕ ਵਿਧਾਇਕ ਦੇ ਛਪਰਾ ਸਥਿਤ ਘਰ ਵਿੱਚ ਵੀ ਪ੍ਰਦਰਸ਼ਨਕਾਰੀਆਂ ਨੇ ਤੋੜਫੋੜ ਕੀਤੀ, ਜਦਕਿ ਨਵਾਦਾ ਵਿੱਚ ਭਾਜਪਾ ਦੇ ਦਫ਼ਤਰ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਗੁੱਸੇ 'ਚ ਆਏ ਨੌਜਵਾਨਾਂ ਨੂੰ ਖਿੰਡਾਉਣ ਲਈ ਪੁਲੀਸ ਨੇ ਅੱਥਰੂ ਗੈਸ ਦੇ ਗੋਲੇ ਦਾਗ਼ੇ ਤੇ ਲਾਠੀਆਂ ਵਰ੍ਹਾਈਆਂ। ਫੌਜ 'ਚ ਭਰਤੀ ਦੇ ਇੱਛੁਕ ਨੌਜਵਾਨਾਂ ਨੇ ਮੋਦੀ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ 'ਅਗਨੀਪਥ' ਸਕੀਮ ਨੂੰ ਫੌਰੀ ਵਾਪਸ ਲੈਣ ਤੇ ਰੁਕੀਆਂ ਭਰਤੀਆਂ ਦਾ ਅਮਲ ਜਲਦੀ ਪੂਰਾ ਕਰਨ ਦੀ ਮੰਗ ਕੀਤੀ। ਨੌਜਵਾਨਾਂ ਨੇ ਦੋਸ਼ ਲਾਇਆ ਕਿ ਸਰਕਾਰ ਅਜਿਹੀਆਂ ਸਕੀਮਾਂ ਲਿਆ ਕੇ ਉਨ੍ਹਾਂ ਦੇ ਭਵਿੱਖ ਨਾਲ ਖੇਡ ਰਹੀ ਹੈ। ਬਿਹਾਰ ਵਿੱਚ ਪ੍ਰਦਰਸ਼ਨਕਾਰੀਆਂ ਨੇ ਭਬੂਆ ਤੇ ਛਪਰਾ ਸਟੇਸ਼ਨਾਂ 'ਤੇ ਖੜ੍ਹੀਆਂ ਬੋਗੀਆਂ ਨੂੰ ਅੱਗ ਲਾ ਦਿੱਤੀ ਤੇ ਕਈ ਥਾਈ ਰੇਲਗੱਡੀਆਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਭੰਨ ਦਿੱਤੇ। ਅਰਾਹ ਰੇਲਵੇ ਸਟੇਸ਼ਨ 'ਤੇ ਵੱਡੀ ਗਿਣਤੀ ਪ੍ਰਦਰਸ਼ਨਕਾਰੀ ਇਕੱਤਰ ਹੋ ਗਏ, ਜਿਨ੍ਹਾਂ ਨੂੰ ਖਿੰਡਾਉਣ ਲਈ ਪੁਲੀਸ ਨੂੰ ਅੱਥਰੂ ਗੈਸ ਦੇ ਗੋਲੇ ਦਾਗ਼ਣੇ ਪਏ। ਰੋਸ ਮੁਜ਼ਾਹਰਿਆਂ ਕਰਕੇ ਪਟਨਾ-ਗਯਾ, ਬਰੌਨੀ-ਕਟਿਹਾਰ ਅਤੇ ਦਾਨਾਪੁਰ-ਡੀਡੀਯੂ ਜਿਹੇ ਸਭ ਤੋਂ ਵੱਧ ਮਸਰੂਫ਼ ਰੂਟਾਂ 'ਤੇ ਆਵਾਜਾਈ ਅਸਰਅੰਦਾਜ਼ ਹੋਈ। ਬਕਸਰ ਵਿੱਚ ਕਈ ਗੱਡੀਆਂ ਆਊਟ ਸਿਗਨਲ 'ਤੇ ਫਸੀਆਂ ਰਹੀਆਂ। *(ਬਾਕੀ ਸਫ਼ਾ 7 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਤਿੰਨ ਕੈਨੇਡੀਅਨ ਯੂਨੀਵਰਸਿਟੀਆਂ ਨੇ ਨਵੀਂ ਗੋਲਬਲ ਰੈਂਕਿੰਗ ਵਿਚ ਉੱਚੇ ਸਕੋਰ ਪ੍ਰਾਪਤ ਕੀਤੇ

ਓਟਵਾ-ਕਿਊਐਸ ਵਰਲਡ ਯੂਨੀਵਰਸਿਟੀ ਰੈਂਕਿੰਗ ਦੇ ਤਾਜ਼ਾ ਐਡੀਸ਼ਨ ਵਿਚ ਕੈਨੇਡਾ ਦੀਆਂ ਕੇਵਲ ਤਿੰਨ ਯੂਨੀਵਰਸਿਟੀਆਂ ਚੋਟੀ ਦੀਆਂ 50 ਯੂਨੀਵਰਸਿਟੀਆਂ ਵਿਚ ਥਾਂ ਬਣਾ ਸਕੀਆਂ ਹਨ। ਕੈਨੇਡਾ ਦੀ ਮੈਕਗਿੱਲ ਯੂਨੀਵਰਸਿਟੀ ਦਾ ਦੂਸਰੀਆਂ ਕੈਨੇਡੀਅਨ ਯੂਨੀਵਰਸਿਟੀਆਂ ਨਾਲੋਂ ਸਭ ਤੋਂ ਉੱਚਾ ਸਥਾਨ ਰਿਹਾ। ਬਰਤਾਨੀਆ ਆਧਾਰਤ ਕੰਪਨੀ ਕੁਐਕਅਰੇਲੀ ਸਾਈਮੰਡਸ ਵਲੋਂ ਹਰ ਸਾਲ ਦਰਜਾਬੰਦ ਜਾਰੀ ਕੀਤੀ ਜਾਂਦੀ ਹੈ ਜਿਹੜੀ ਉਚੇਰੀ ਸਿੱਖਿਆ ਦਾ ਵਿਸ਼ਲੇਸ਼ਣ ਅਤੇ ਤੁਲਨਾਤਮਿਕ ਡਾਟਾ ਮੁਹੱਈਆ ਕਰਨ ਵਿਚ ਮਾਹਿਰ ਹੈ। ਮੈਕਗਿੱਲ ਯੂਨੀਵਰਸਿਟੀ ਨੇ 2023 ਦੀ ਸੂਚੀ ਵਿਚ31ਵਾਂ ਸਥਾਨ ਪ੍ਰਾਪਤ ਕੀਤਾ ਹੈ ਅਤੇ ਇਸ ਨੇ 100 ਸੰਭਾਵਤ ਅੰਕਾਂ ਵਿਚੋਂ 81.9 ਅੰਕ ਪ੍ਰਾਪਤ ਕੀਤੇ। ਯੂਨੀਵਰਸਿਟੀ ਆਫ ਟੋਰਾਂਟੋ ਵੀ ਬਹੁਤਾ ਪਿੱਛੇ ਨਹੀਂ ਰਹੀ ਅਤੇ ਉਸ ਦਾ ਸੂਚੀ ਵਿਚ 34ਵਾਂ ਸਥਾਨ ਹੈ ਅਤੇ ਇਸ ਨੇ 81.5 ਸਕੋਰ ਹਾਸਲ ਕੀਤੇ ਹਨ। ਚੋਟੀ ਦੀਆਂ ਤਿੰਨ ਕੈਨੇਡੀਅਨ ਯੂਨੀਵਰਸਿਟੀਆਂ ਵਿਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵੀ ਸ਼ਾਮਿਲ ਹੈ। ਉਸ ਦਾ 77 ਅੰਕਾਂ ਨਾਲ 47ਵਾਂ ਨੰਬਰ ਹੈ। ਕਿਊਐਸ ਮੁਤਾਬਿਕ ਵਿਸ਼ਵ ਦੀਆਂ ਪੰਜ ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਮੈਸੇਚਿਉਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ (ਅਮਰੀਕਾ) ਯੂਨੀਵਰਸਿਟੀ ਆਫ ਕੈਂਬਰਿਜ (ਯੂਕੇ) ਸਟੈਨਫੋਰਡ ਯੂਨੀਵਰਸਿਟੀ (ਅਮਰੀਕਾ) ਯੂਨੀਵਰਸਿਟੀ ਆਫ ਆਕਸਫੋਰਡ (ਯੂਕੇ) ਅਤੇ ਹਾਰਵਰਡ ਯੂਨੀਵਰਸਿਟੀ (ਅਮਰੀਕਾ) ਸ਼ਾਮਿਲ ਹੈ। ਸੂਚੀ ਵਿਚ ਲਗਾਤਾਰ 11ਵੇਂ ਸਾਲ ਮੈਸੇਚਿਉਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ ਚੋਟੀ 'ਤੇ ਰਿਹਾ ਹੈ। ਸੂਚੀ ਵਿਚ ਵਿਸ਼ਵ ਭਰ ਦੀਆਂ 1400 ਤੋਂ ਵੀ ਵੱਧ ਯੂਨੀਵਰਸਿਟੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ।



TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)
Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
TEJINDER GREWAL: 604-837-3101
License No. 562


# ਓਨਟਾਰੀਓ ਦੇ ਕੁਝ ਇਲਾਕਿਆਂ 'ਚ ਘੱਟ ਸਕਦੀਆਂ ਹਨ ਮਕਾਨਾਂ ਦੀਆਂ ਕੀਮਤਾਂ



ਟੋਰਾਂਟੋ-ਓਨਟਾਰੀਓ ਦੀ ਹਾਊਸਿੰਗ ਮਾਰਕੀਟ ਕਈ ਸਾਲਾਂ ਤੋਂ ਤੇਜ਼ ਬਣੀ ਹੋਈ ਹੈ ਪਰ ਇਸ ਵਿਚ ਛੇਤੀ ਤਬਦੀਲੀ ਆ ਸਕਦੀ ਹੈ ਅਤੇ ਕੁਝ ਇਲਾਕੇ ਦੂਸਰਿਆਂ ਨਾਲੋਂ ਜ਼ਿਆਦਾ ਪ੍ਰਭਾਵਤ ਹੋ ਸਕਦੇ ਹਨ। ਕੈਨੇਡੀਅਨ ਫਾਈਨੈਂਸ਼ਲ ਸਰਵਸਿਜ਼ ਕੋਆਪਰੇਟਿਵ ਡੇਸਜਾਰਡਿਨਸ ਦੀ ਨਵੀਂ ਰਿਪੋਰਟ ਵਿਚ ਕਿਹਾ ਕਿ ਕੈਨੇਡੀਅਨ ਹਾਊਸਿੰਗ ਮਾਰਕੀਟ ਵਿਚ ਤਬਦੀਲੀ ਵਾਲੇ ਬਿੰਦੂ 'ਤੇ ਪਹੁੰਚ ਗਈ ਹੈ। ਹੁਣ ਜਦੋਂ ਮਹਿੰਗਾਈ 'ਤੇ ਕਾਬੂ ਪਾਉਣ ਲਈ ਬੈਂਕ ਆਫ ਕੈਨੇਡਾ ਨੇ ਵਿਆਜ ਦਰ ਵਧਾਉਣ ਸ਼ੁਰੂ ਕਰ ਦਿੱਤੀ ਹੈ ਤਾਂ ਘਰਾਂ ਦੀਆਂ ਕੀਮਤਾਂ ਵਿਚ ਲਗਾਤਾਰ ਗਿਰਾਵਟ ਦਰਜ ਕੀਤੀ ਗਈ ਹੈ। ਡੇਸਜਾਰਡਿਨਸ ਦਾ ਕਹਿਣਾ ਕਿ ਮਹੀਨਾ ਦਰ ਮਹੀਨਾ ਮਾਰਚ ਤਕ ਕੈਨੇਡਾ ਵਿਚ ਘਰ ਦੀ ਔਸਤ ਕੀਮਤ 2.6 ਫ਼ੀਸਦੀ ਅਤੇ ਅਪ੍ਰੈਲ ਵਿਚ 3.8 ਫ਼ੀਸਦੀ ਘਟੀ ਹੈ। ਰਿਪੋਰਟ ਵਿਚ ਕਿਹਾ ਕਿ ਇਹ ਇਹ ਗਿਰਾਵਟ ਜਾਰੀ ਰਹਿਣੀ ਚਾਹੀਦੀ ਹੈ ਅਤੇ ਓਨਟਾਰੀਓ ਵਿਚ ਇਸ ਨੂੰ ਸਭ ਤੋਂ ਜ਼ਿਆਦਾ ਅਨੁਭਵ ਹੋਵੇਗਾ ਜਿਥੇ ਘਰਾਂ ਦੀਆਂ ਕੀਮਤਾਂ 18 ਫ਼ੀਸਦੀ ਤਕ ਘੱਟ ਸਕਦੀਆਂ ਹਨ। ਰਿਪੋਰਟ ਵਿਚ ਦਾਅਵਾ ਕੀਤਾ ਕਿ ਟੋਰਾਂਟੋ ਤੋਂ ਬਾਹਰ ਕੁਝ ਘੰਟਿਆਂ ਦੀ ਦੂਰੀ ਵਾਲੇ ਬਹੁਤ ਸਾਰੇ ਇਲਾਕਿਆਂ ਵਿਚ ਕੀਮਤਾਂ ਡਿਗਣਗੀਆਂ।

# ਸੇਵਾਮੁਕਤ ਸੀਨੀਅਰ ਸੈਨਿਕ ਅਫਸਰ ਨੂੰ ਜਿਣਸੀ ਹਮਲੇ ਦੇ ਦੋਸ਼ਾਂ ਦਾ ਸਾਹਮਣਾ

ਓਟਵਾ-ਮਿਲਟਰੀ ਪੁਲਿਸ ਨੇ ਇਕ ਸੇਵਾਮੁਕਤ ਲੈਫਟੀਨੈਂਟ ਜਨਰਲ ਟਰੇਵਰ ਕੈਡੀਯੂ ਖਿਲਾਫ ਜਿਣਸੀ ਹਮਲੇ ਦੇ ਦੋ ਦੋਸ਼ ਲਗਾਏ ਹਨ। ਉਹ ਤਿੰਨ ਮਹੀਨੇ ਪਹਿਲਾਂ ਹੀ ਅਜੇ ਸੇਵਾਮੁਕਤ ਹੋਇਆ ਸੀ ਅਤੇ ਅਪਰਾਧਿਕ ਜਾਂਚ ਦੌਰਾਨ ਯੂਕਰੇਨ ਗਿਆ ਸੀ। ਦੋਸ਼ ਲਗਾਉਣ ਦਾ ਐਲਾਨ ਬੁੱਧਵਾਰ ਕੈਨੇਡਾ ਦੇ ਸੈਨਿਕ ਪੁਲਿਸ ਚੀਫ ਪ੍ਰੋਵੋਸਟ ਮਾਰਸ਼ਲ ਬ੍ਰਿਗੇਡੀਅਰ ਜਨਰਲ ਸਾਈਮਨ ਟਰੂਡੋ ਨੇ ਕੀਤਾ ਅਤੇ ਇਹ ਉਨ੍ਹਾਂ ਘਟਨਾਵਾਂ ਨਾਲ ਸਬੰਧਤ ਹਨ ਜਿਹੜੀਆਂ 1994 ਵਿਚ ਓਨਟਾਰੀਓ ਦੇ ਰਾਇਲ ਮਿਲਟਰੀ ਕਾਲਜ ਕਿੰਗਸਟਨ ਵਿਚ ਕਥਿਤ ਰੂਪ ਵਿਚ ਵਾਪਰੀਆਂ ਸਨ। ਕੈਡੀਯੂ ਜਿਸ ਨੇ ਪਹਿਲਾਂ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਨੇ ਪਿਛਲੇ ਸਾਲ ਸਤੰਬਰ ਵਿਚ ਕੈਨੇਡੀਅਨ ਫ਼ੌਜ ਦੇ ਕਮਾਂਡਰ ਵਜੋਂ ਕਾਰਜਭਾਰ ਸੰਭਾਲਣਾ ਸੀ। ਬੋਸਨੀਆ ਤੇ ਅਫਗਾਨਿਸਤਾਨ ਦੇ ਅਨੁਭਵੀ ਉਸ ਨੇ ਹਾਲ ਹੀ ਵਿਚ ਰੱਖਿਆ ਸਟਾਫ ਮੁਖੀ ਨੂੰ ਵਿਸ਼ਲੇਸ਼ਣ ਤੇ ਸਲਾਹ ਮੁਹੱਈਆ ਕੀਤੀ ਸੀ। ਮਿਲਟਰੀ ਪੁਲਿਸ ਦੀ ਜਾਂਚ ਕਾਰਨ ਉਸ ਦੀ ਸੈਨਾ ਕਮਾਂਡਰ ਵਜੋਂ ਨਿਯੁਕਤ ਰੋਕ ਦਿੱਤੀ ਗਈ ਸੀ ਅਤੇ ਉਸ ਦੇ ਖਿਲਾਫ ਇਨ੍ਹਾਂ ਦੋਸ਼ਾਂ ਨੂੰ ਇਤਿਹਾਸਕ ਦੱਸਿਆ ਗਿਆ ਹੈ ਪਰ ਕੈਡੀਓ ਨੇ ਇਨ੍ਹਾਂ ਨੂੰ ਝੂਠੇ ਆਖਿਆ ਹੈ। ਉਹ ਅਪ੍ਰੈਲ ਦੇ ਸ਼ੁਰੂ ਵਿਚ ਸੇਵਾਮੁਕਤ ਹੋ ਗਿਆ ਜਦਕਿ ਜਾਂਚ ਜਾਰੀ ਸੀ ਅਤੇ ਉਸ ਦੇ ਥੁਹ ਪਤੇ ਬਾਰੇ ਜਾਣਕਾਰੀ ਦੇਣ ਲਈ ਅਧਿਕਾਰ ਨਾ ਰੱਖਣ ਵਾਲੇ ਇਕ ਸਰੋਤ ਨੇ ਦੱਸਿਆ ਕਿ ਉਹ ਰੂਸੀ ਹਮਲੇ ਖਿਲਾਫ ਰੱਖਿਆ ਵਿਚ ਮਦਦ ਲਈ ਯੂਕਰੇਨ ਗਿਆ ਸੀ।


Get your Mortgage approved from the
CANADA'S TOP #26 MORTGAGE BROKER
2022 TOP 75 BROKERS CMP
• Purchase • Renewal • Refinance
• Construction & Farm Mortgages
3.15%* 5 Years Variable Closed
*Conditions Apply.
GET CASH BACK UPTO $4,000*

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca



JJB INSURANCE
BBB ACCREDITED BUSINESS
An Independent Insurance Broker
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP
• Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਨਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖਾਂ ਨੂੰ ਵੱਖਰੀ ਕੌਮ ਦਾ ਦਰਜਾ ਦੇਣ ਦੀ ਮੰਗ

ਨਵੀਂ ਦਿੱਲੀ/ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦਾ ਇੱਕ ਉੱਚ ਪੱਧਰੀ ਵਫ਼ਦ ਅੱਜ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ



ਇਕਬਾਲ ਸਿੰਘ ਲਾਲਪੁਰਾ ਨੂੰ ਮਿਲਿਆ। ਇਸ ਮੌਕੇ ਭਾਰਤ ਦੇ ਸੰਵਿਧਾਨ ਦੀ ਧਾਰਾ 25ਬੀ ਵਿੱਚ ਸੋਧ ਕਰਕੇ ਸਿੱਖਾਂ ਨੂੰ ਇਕ ਵੱਖਰੀ ਕੌਮ ਦਾ ਦਰਜਾ ਦੇਣ, ਸਿੱਖ ਬੰਦੀਆਂ ਦੀ ਰਿਹਾਈ, ਗੁਰਦੁਆਰਾ ਗਿਆਨ ਗੋਦੜੀ ਦੀ ਉਸਾਰੀ ਤੇ ਪੰਜਾਬ ਤੋਂ ਬਾਹਰ ਕਈ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਸੰਸਥਾ ਨੂੰ ਸੌਂਪਣ ਸਮੇਤ ਹੋਰ ਕਈ ਸਿੱਖ ਮਸਲੇ ਕਮਿਸ਼ਨ ਸਾਹਮਣੇ ਰੱਖੇ ਗਏ। ਕਮਿਸ਼ਨ ਵੱਲੋਂ ਇਨ੍ਹਾਂ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਗਿਆ ਹੈ। ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਸਰਵਣ ਸਿੰਘ ਕੁਲਾਰ, ਗੁਰਚਰਨ ਸਿੰਘ ਗਰੇਵਾਲ ਤੇ ਸਤਵਿੰਦਰ ਸਿੰਘ ਟੌਹੜਾ ਤੇ ਹੋਰ ਸ਼ਾਮਲ ਸਨ। ਵਫ਼ਦ ਨੇ ਕਮਿਸ਼ਨ ਦੇ ਚੇਅਰਮੈਨ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਭੇਜਿਆ ਸਿੱਖ ਮਸਲਿਆਂ ਬਾਰੇ ਪੱਤਰ ਸੌਂਪਿਆ ਤੇ ਇਨ੍ਹਾਂ ਮਸਲਿਆਂ ਦੇ ਹੱਲ ਦੀ ਮੰਗ ਕੀਤੀ। ਸ੍ਰੀ ਪੰਜੋਲੀ ਨੇ ਦੱਸਿਆ ਕਿ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਡਾਂਗਮਾਰ ਸਿੱਕਮ ਤੇ ਗੁਰਦੁਆਰਾ ਮੰਗੂ ਮੱਠ ਉੜੀਸਾ ਸਮੇਤ ਹੋਰ ਇਤਿਹਾਸਕ ਗੁਰਧਾਮਾਂ ਦਾ ਪ੍ਰਬੰਧ ਸਿੱਖ ਸੰਸਥਾ ਨੂੰ ਸੌਂਪਣ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਚੇਅਰਮੈਨ ਨੇ ਇਨ੍ਹਾਂ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਹੈ।

## ਹਵਾਰਾ ਵੱਲੋਂ ਸਿਮਰਨਜੀਤ ਮਾਨ ਦੀ ਹਮਾਇਤ ਦਾ ਸੱਦਾ

ਪਟਿਆਲਾ-ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਨੇ



ਸੰਗਰੂਰ ਲੋਕ ਸਭਾ ਹਲਕੇ ਦੀ 23 ਜੂਨ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਵੱਲੋਂ ਲਿਖੇ ਪੱਤਰ 'ਚ ਉਨ੍ਹਾਂ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖ ਪੰਥ, ਪੰਜਾਬ ਤੇ ਪੰਜਾਬੀਅਤ ਲਈ ਘਾਲੀ ਘਾਲਣਾ ਦਾ ਹਵਾਲਾ ਦਿੱਤਾ ਹੈ। ਹਵਾਰਾ ਨੇ ਕਿਹਾ ਕਿ ਪੰਥ ਅਤੇ ਕੌਮ ਖਾਤਰ ਸ੍ਰੀ ਮਾਨ ਨੇ ਪੰਜਾਬ ਪੁਲੀਸ ਵਿਚਲਾ ਉੱਚ ਅਹੁਦਾ ਵੀ ਤਿਆਗ ਦਿੱਤਾ ਸੀ। ਫਿਰ ਕਈ ਸਾਲ ਜੇਲ੍ਹ ਦੀਆਂ ਕਾਲ ਕੋਠੜੀਆਂ 'ਚ ਵੀ ਰਹੇ। ਉਹ ਕਈ ਵਰ੍ਹਿਆਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ। ਹਵਾਰਾ ਨੇ ਕਿਹਾ ਕਿ 'ਸਰਬੱਤ ਖਾਲਸਾ' ਵੱਲੋਂ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਦਾ 'ਜਥੇਦਾਰ ਥਾਪਿਆ ਹੋਣ ਕਰਕੇ' ਉਹ ਆਪਣਾ ਫਰਜ਼ ਸਮਝਦਿਆਂ ਸੰਗਤ ਨੂੰ ਅਪੀਲ ਕਰਦੇ ਹਨ ਕਿ ਉਹ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰਨ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਅ ਕੇ ਲੋਕ ਸਭਾ 'ਚ ਭੇਜਿਆ ਜਾਵੇ।

## ਗਾਂਧੀ ਪਰਿਵਾਰ ਦਾ ਪੱਖ ਪੂਰਨ 'ਤੇ ਸਿਮਰਨਜੀਤ ਮਾਨ ਦੀ ਆਲੋਚਨਾ

ਸ੍ਰੀ ਆਨੰਦਪੁਰ ਸਾਹਿਬ-ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਨ ਸਾਹਿਬ ਹਮੇਸ਼ਾ ਖ਼ਾਲਿਸਤਾਨ ਅਤੇ ਪੰਥਪ੍ਰਸਤੀ ਦੀ ਗੱਲ ਕਰਦੇ ਹਨ ਪ੍ਰੰਤੂ ਉਨ੍ਹਾਂ ਵੱਲੋਂ ਗਾਂਧੀ ਪਰਿਵਾਰ ਦੇ ਹੱਕ ਵਿੱਚ ਬੋਲਣਾ ਬੇਹੱਦ ਦੁਖਦ ਹੈ। ਉਨ੍ਹਾਂ ਕਿਹਾ ਕਿ ਜੇਕਰ ਜਾਣਬੁੱਝ ਕੇ ਕਿਸੇ ਨੂੰ ਝੂਠੇ ਕੇਸ ਵਿੱਚ ਫਸਾਇਆ ਜਾਂਦਾ ਹੈ ਤਾਂ ਉਹ ਇਸ ਗੱਲ ਖ਼ਿਲਾਫ਼ ਹਨ ਪਰੰਤੂ ਕਿਸੇ ਕੇਸ ਵਿੱਚ ਇਨਕੁਆਰੀ ਕਰਨ ਦੇ ਮੰਤਵ ਦੇ ਨਾਲ ਜੇਕਰ ਕਿਸੇ ਵੀ ਆਗੂ ਨੂੰ ਈਡੀ ਜਾਂ ਕੋਈ ਹੋਰ ਏਜੰਸੀ ਬੁਲਾਉਂਦੀ ਹੈ ਤਾਂ ਉਸ ਵਿਚ ਕੁਝ ਗਲਤ ਨਹੀਂ ਹੈ। ਇਕ ਸਵਾਲ ਦਾ ਜਵਾਬ ਦਿੰਦਿਆਂ ਬੀਬੀ ਜਗੀਰ ਕੌਰ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਜਲਦ ਕਰਵਾਈਆਂ ਜਾਣ। ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਚਿੰਤਾ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਨਾਂ ਦੀ ਕੋਈ ਚੀਜ਼ ਨਹੀਂ ਹੈ। ਇਸ ਤੋਂ ਪਹਿਲਾਂ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸੁਰਿੰਦਰ ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ ਦੇ ਘਰ ਜਾ ਕੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਅਫ਼ਸੋਸ ਪ੍ਰਗਟ ਕੀਤਾ।





ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ?

ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।

WE REDUCE YOUR DEBT UP TO MAXIMUM LEVEL
WE HELP WITH ALL UNSECURED DEBT

ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ

- ਕ੍ਰੈਡਿਟ ਕਾਰਡ - ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਲਾਈਨ ਆਫ ਕ੍ਰੈਡਿਟ - ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।

Any type of Financial Problems?
- Credit Cards - line of Credit
- Pay Day Loans - Retail Store Cards
- Bank Overdraft - GST/PST Debt
- CRA Debt



Any Business or Personal loans
Cut your debt up to
70% or more

Free Confidential Advice
Kulwinder Bains
Certified Credit Counseller
778 998 9402



DAY AND NIGHT LABOUR LTD.



ਗਰੀਨ ਹਾਊਸ ਵਰਕਰਾਂ ਦੀ ਲੋੜ

- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਹਜ਼ਰਤ ਮੁਹੰਮਦ ਸਾਹਿਬ ਖਿਲਾਫ ਬੇਹੂਦਾ ਟਿਪਣੀ ਦਾ ਮਾਮਲਾ

# ਭਾਜਪਾ ਦੀ ਨਫਰਤੀ ਮੁਹਿੰਮ ਤੇ ਮੋਦੀ ਸਰਕਾਰ ਦੀ ਸਿਆਸੀ ਬੇਈਮਾਨੀ...

**ਸੁਖਵਿੰਦਰ ਸਿੰਘ ਚੋਹਲਾ**

ਫਿਰਕੂ ਨਫਰਤ ਦੇ ਆਧਾਰ ਤੇ ਰਾਜਨੀਤੀ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਆਖਰ ਇਸ ਨਫਰਤ ਦਾ ਸੇਕ ਖੁਦ ਹੀ ਸਹਿਣ ਕਰਨਾ ਪੈ ਰਿਹਾ ਹੈ। ਮੁਸਲਿਮ ਭਾਈਚਾਰੇ ਪ੍ਰਤੀ ਫੈਲਾਈ ਜਾ ਰਹੀ ਨਫਰਤ ਅਤੇ ਵੋਟ ਰਾਜਨੀਤੀ ਤੋਂ ਪ੍ਰਭਾਵਿਤ ਉਸਦੀਆਂ ਨੀਤੀਆਂ ਹੁਣ ਪਾਰਟੀ ਲਈ ਭਾਰਤ ਤੋਂ ਬਾਹਰ ਵਿਸ਼ੇਸ਼ ਕਰਕੇ ਮੁਸਲਿਮ ਜਗਤ ਵਿਚ ਉਸ ਲਈ ਤਾਂ ਪ੍ਰੇਸ਼ਾਨੀ ਬਣਨ ਹੀ ਲੱਗੀਆਂ ਹਨ, ਇਹ ਭਾਰਤ ਦੇ ਧਰਮ ਨਿਰਪੱਖ ਤੇ ਉਦਾਰ ਕਿਰਦਾਰ ਨੂੰ ਵੀ ਤੋੜਦੀਆਂ ਪ੍ਰਤੀਤ ਹੋ ਰਹੀਆਂ ਹਨ। ਪਿਛਲੇ ਦਿਨੀ ਭਾਜਪਾ ਦੀ ਤੇਜ਼ ਤਰਾਰ ਬੁਲਾਰਨ ਨੂਪੁਰ ਸ਼ਰਮਾ ਵੱਲੋ ਪੈਗੰਬਰ ਮੁਹੰਮਦ ਸਾਹਿਬ ਬਾਰੇ ਕੀਤੀਆਂ ਗਈਆਂ ਟਿਪਣੀਆਂ ਨੇ ਭਾਰਤ ਤੋਂ ਬਾਹਰ ਮੁਸਲਿਮ ਮੁਲਕਾਂ ਵਿਚ ਇਕ ਵੱਡਾ ਤੂਫਾਨ ਖੜਾ ਕਰ ਛੱਡਿਆ ਹੈ। ਕੌਮਾਂਤਰੀ ਪੱਧਰ ਤੇ ਭਾਰਤ ਦੀ ਹੋ ਰਹੀ ਕਿਰਕਰੀ ਅਤੇ ਵੱਡੇ ਆਰਥਿਕ ਨੁਕਸਾਨ ਤੋਂ ਬਚਣ ਲਈ ਅਤੇ ਆਪਣੀ ਛਵੀ ਬਚਾਉਣ ਲਈ ਭਾਰਤੀ ਜਨਤਾ ਪਾਰਟੀ ਦੀ ਹਾਈਕਮਾਨ ਨੂੰ ਆਪਣੀ ਬੁਲਾਰਨ ਖਿਲਾਫ ਤੁਰੰਤ ਕਾਰਵਾਈ ਲਈ ਮਜ਼ਬੂਰ ਹੋਣਾ ਪਿਆ। ਭਾਵੇਂਕਿ ਭਾਜਪਾ ਨੇ ਆਪਣੀ ਬੁਲਾਰਨ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ ਤੇ ਇਕ ਹੋਰ ਆਗੂ ਨਵੀਨ ਜਿੰਦਲ ਨੂੰ ਮੁਅੱਤਲ ਕਰ ਦਿੱਤਾ ਪਰ ਇਸਦੇ ਬਾਵਜੂਦ ਮੁਸਲਿਮ ਮੁਲਕਾਂ ਵਿਚ ਭਾਰਤ ਦੀ ਜੋਰਦਾਰ ਵਿਰੋਧਤਾ ਜਾਰੀ ਹੈ। ਰੈਲੀਆਂ ਤੇ ਮੁਜਾਹਰੇ ਹੋ ਰਹੇ ਹਨ। ਭਾਜਪਾ ਆਗੂਆਂ ਦੀਆਂ ਮੁਹੰਮਦ ਸਾਹਿਬ ਖਿਲਾਫ ਬੇਹੂਦਾ ਟਿਪਣੀਆਂ ਖਿਲਾਫ ਸਾਊਦੀ ਅਰਬ ਅਤੇ ਦੁਬਈ ਤੋਂ ਬਾਦ ਓਮਾਨ, ਜੋਰਡਨ, ਇੰਡੋਨੇਸੀਆ, ਅਫਗਾਨਿਸਤਾਨ, ਕਤਰ, ਕੁਵੈਤ, ਇਰਾਨ, ਪਾਕਿਸਤਾਨ ਤੇ ਗਵਾਂਢੀ ਮੁਲਕਾਂ ਬੰਗਲਾਦੇਸ਼ ਤੇ ਪਾਕਿਸਤਾਨ ਵਿਚ ਰੋਸ ਮੁਜਾਹਰਿਆਂ ਨੇ ਮੋਦੀ ਸਰਕਾਰ ਨੂੰ ਹੱਥਾਂ ਪੈਰਾਂ ਦਾ ਪਾ ਰੱਖੀ ਹੈ। ਸ਼ਾਇਦ ਇਸੇ ਲਈ ਭਾਰਤ ਦੇ ਵਿਦੇਸ਼ ਵਿਭਾਗ ਨੂੰ ਇਹ ਬਿਆਨ ਜਾਰੀ ਕਰਨਾ ਪਿਆ ਹੈ ਕਿ ਕਿਸੇ ਭਾਜਪਾ ਆਗੂ ਵਲੋਂ ਕੀਤੀ ਗਈ ਕਿਸੇ ਗਲਤ ਟਿਪਣੀ ਨਾਲ ਸਰਕਾਰ ਦਾ ਕੋਈ ਸਬੰਧ ਨਹੀ। ਭਾਜਪਾ ਦੀਆਂ ਨੀਤੀਆਂ ਨਾਲ ਭਾਰਤ ਸਰਕਾਰ ਦਾ ਭਾਵ ਪ੍ਰਗਟਾਵ ਨਹੀ ਹੈ। ਭਾਜਪਾ ਬੁਲਾਰਨ ਦੀ ਟਿਪਣੀ ਨਾਲ ਭਾਰਤ ਦੇ ਮੁਸਲਿਮ ਮੁਲਕਾਂ ਨਾਲ ਕੂਟਨੀਤਕ ਸਬੰਧਾਂ ਉਪਰ ਹੀ ਅਸਰ ਨਹੀ ਪਿਆ ਬਲਕਿ ਖਾੜੀ ਮੁਲਕਾਂ ਨਾਲ ਭਾਰਤ ਦੇ ਵੱਡੇ ਪੱਧਰ ਤੇ ਹੋਰ ਵਪਾਰ ਨੂੰ ਵੀ ਇਸਨੇ ਪ੍ਰਭਾਵਿਤ ਕੀਤਾ ਹੈ। ਅਰਬ ਮੁਲਕਾਂ ਵਿਚ ਭਾਰਤੀ ਵਸਤਾਂ ਦੇ ਬਾਈਕਾਟ ਦੇ ਸੱਦੇ ਦੇ ਨਾਲ ਕੁਵੈਤ ਅਤੇ ਕੁਝ ਹੋਰ ਮੁਸਲਿਮ ਮੁਲਕਾਂ ਵਿਚ ਭਾਰਤੀ ਵਸਤਾਂ ਸਟੋਰਾਂ ਦੀ ਸ਼ੈਲਫਾਂ ਤੋ ਹਟਾ ਲਈਆਂ ਗਈਆਂ ਹਨ। ਕੁਵੈਤ ਦੀ ਸੁਪਰਮਾਰਕੀਟ ਅਲ ਅਰਦੀਆ ਕੋਆਪ੍ਰੇਟਿਵ ਸੁਸਾਇਟੀ ਨੇ ਆਪਣੀ ਨਾਰਾਜ਼ਗੀ ਜਾਹਰ ਕਰਦਿਆਂ ਭਾਰਤ ਦੇ ਸਾਰੇ ਉਤਪਾਦ ਆਪਣੀ ਸੂਚੀ ਵਿਚੋ ਬਾਹਰ ਕਰ ਦਿੱਤੇ ਹਨ। ਭਾਰਤ ਦਾ ਖਾੜੀ ਦੇ 7 ਮੁਲਕਾਂ ਨਾਲ ਸਾਲ 2021-22 ਵਿਚ 189 ਅਰਬ ਡਾਲਰ ਦਾ ਵਪਾਰ ਹੈ। ਜੋ ਭਾਰਤ ਦੇ ਦਰਾਮਦ ਬਰਾਮਦ ਦਾ ਕੁਲ 18.3 ਪ੍ਰਤੀਸ਼ਤ ਹਿੱਸਾ ਬਣਦਾ ਹੈ। ਖਾੜੀ ਮੁਲਕਾਂ ਨਾਲ ਭਾਰਤ ਦੇ ਵਪਾਰ ਅਤੇ ਲੱਖਾਂ ਭਾਰਤੀਆਂ ਦੇ ਇਹਨਾਂ ਮੁਲਕਾਂ ਵਿਚ ਨੌਕਰੀਆਂ ਕਰਨ ਕਾਰਣ ਨਗਦੀ ਦੇ ਰੂਪ ਵਿਚ ਹਰ ਸਾਲ ਅਰਬਾਂ ਰੁਪਏ ਭਾਰਤ ਪੁੱਜਦੇ ਹਨ। ਭਾਰਤ ਯੂਏਈ ਤੋਂ 27 ਪ੍ਰਤੀਸ਼ਤ,




ਸਾਊਦੀ ਅਰਬ ਤੋਂ 11.6 ਪ੍ਰਤੀਸ਼ਦ, ਕਤਰ ਤੋਂ 6.5 ਪ੍ਰਤੀਸ਼ਤ, ਕੁਵੈਤ ਤੋਂ 5.5 ਪ੍ਰਤੀਸ਼ਤ ਅਤੇ ਓਮਾਨ ਤੋਂ 3.3 ਪ੍ਰਤੀਸ਼ਤ ਕੁਲ ਪ੍ਰਾਪਤ ਨਗਦੀ ਇਹਨਾਂ ਮੁਲਕਾਂ ਚੋ ਪ੍ਰਾਪਤ ਕਰ ਰਿਹਾ ਹੈ। ਦੁਬਈ ਭਾਰਤ ਦਾ ਤੀਸਰਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ। ਦੁਬਈ ਵਿਚ ਲਗਪਗ 30 ਲੱਖ ਭਾਰਤੀ ਆਪਣੀ ਰੋਜੀ ਰੋਟੀ ਕਮਾ ਰਹੇ ਹਨ। ਅਰਬ ਮੁਲਕਾਂ ਵਿਚ ਭਾਰਤ ਖਿਲਾਫ ਰੋਸ ਪ੍ਰਗਟਾਵੇ ਦੇ ਨਾਲ ਭਾਰਤ ਦੇ ਮੁਸਲਿਮ ਬਹੁਗਿਣਤੀ ਸ਼ਹਿਰਾਂ ਵਿਚ ਵੀ ਤੂਫਾਨ ਵਾਲੀ ਸਥਿਤੀ ਬਣੀ ਹੋਈ ਹੈ। ਭਾਰਤੀ ਜਨਤਾ ਪਾਰਟੀ ਵਲੋਂ ਵੀ ਆਪਣੇ ਆਗੂਆਂ ਖਿਲਾਫ ਕਾਰਵਾਈ ਬਾਰੇ ਬਿਆਨ ਜਾਰੀ ਕੀਤਾ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਪਾਰਟੀ ਇਹਨਾਂ ਆਗੂਆਂ ਵਲੋਂ ਕੀਤੀਆਂ ਗਈਆਂ ਟਿਪਣੀਆਂ ਦੀ ਸਖਤੀ ਨਾਲ ਨਿੰਦਾ ਕਰਦੀ ਹੈ। ਕਤਰ ਵਿਚ ਭਾਰਤੀ ਰਾਜਦੂਤ ਦੀਪਕ ਮਿਤਲ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪਾਰਟੀ ਵਿਚ ਮੌਜੂਦ ਕੁਝ ਗਲਤ ਤੱਤਾਂ ਵਲੋਂ ਹਜ਼ਰਤ ਸਾਹਿਬ ਬਾਰੇ ਕੀਤੀ ਗਈ ਟਿਪਣੀ ਨਾਲ ਭਾਰਤ ਸਰਕਾਰ ਦਾ ਕੋਈ ਸਬੰਧ ਨਹੀ ਹੈ। ਭਾਜਪਾ ਅਤੇ ਭਾਰਤ ਸਰਕਾਰ ਵਲੋਂ ਦਿੱਤੇ ਗਏ ਵੱਖ -ਵੱਖ ਸਪੱਸ਼ਟੀਕਰਨਾਂ ਦੇ ਬਾਵਜੂਦ ਮੁਸਲਿਮ ਜਗਤ ਵਿਚ ਭਾਰਤ ਪ੍ਰਤੀ ਗੁੱਸਾ ਮੱਠਾ ਨਹੀ ਪੈ ਰਿਹਾ। ਭਾਜਪਾ ਵਲੋਂ ਗਲਤ ਟਿਪਣੀ ਕਰਨ ਵਾਲੇ ਆਪਣੇ ਆਗੂਆਂ ਨੂੰ ਮੁਅੱਤਲ ਕਰਨਾ ਅਤੇ ਉਹਨਾਂ ਨੂੰ ਪਾਰਟੀ ਅੰਦਰ ਗਲਤ ਤੱਤ ਕਹਿਣਾ ਕਿਸੇ ਨੂੰ ਵੀ ਭਰਮਾਉਂਦਾ ਨਹੀ। ਕਾਰਣ ਸਾਫ ਹਨ ਕਿ ਇਹ ਦੋ ਆਗੂ, ਉਹ ਹਨ ਜੋ ਮੁਹੰਮਦ ਸਾਹਿਬ ਖਿਲਾਫ ਟਿਪਣੀ ਕਰਨ ਸਮੇ ਪਾਰਟੀ ਦੇ ਖਾਸ ਅਹੁਦਿਆਂ ਉਪਰ ਕੰਮ ਰਹੇ ਸਨ। ਇਹਨਾਂ ਦੀ ਸਥਿਤੀ ਪਾਰਟੀ ਦੀਆਂ ਨੀਤੀਆਂ ਨੂੰ ਪ੍ਰਚਾਰਨਾ ਅਤੇ ਪਾਰਟੀ ਦੀ ਕਮਾਨ ਹੇਠ ਕੰਮ ਰਹੀ ਸਰਕਾਰ ਦੇ ਕੰਮਾਂ ਨੂੰ ਲੋਕਾਂ ਅੱਗੇ ਪਰੋਸਣਾ ਹੈ। ਜਾਹਰ ਹੈ ਕਿ ਕਿਸੇ ਧਾਰਮਿਕ ਆਗੂ ਖਿਲਾਫ ਉਹਨਾਂ ਦੀ ਟਿਪਣੀਆਂ ਲੋਕਾਂ ਅੱਗੇ ਕੀ ਪਰੋਸ ਰਹੀਆਂ ਹਨ। ਇਸੇ ਲਈ ਕਿਹਾ ਜਾ ਰਿਹਾ ਹੈ ਕਿ ਪਾਰਟੀ ਜਾਂ ਭਾਰਤੀ ਵਿਦੇਸ਼ ਵਿਭਾਗ ਵਲੋਂ ਕੇਵਲ ਬਿਆਨ ਜਾਰੀ ਕਰ ਦੇਣਾ ਹੀ ਕਾਫੀ ਨਹੀ। ਕਿਸੇ ਵੀ ਵੱਡੇ ਪਾਰਟੀ ਆਗੂ ਨੇ ਇਹਨਾਂ ਟਿਪਣੀਆਂ ਲਈ ਜਨਤਕ ਮੁਆਫੀ ਨਹੀ ਮੰਗੀ। ਅਸਲੀਅਤ ਇਹ ਹੈ ਕਿ ਇਸਲਾਮਿਕ ਫੋਬੀਆ ਭਾਜਪਾ ਦੀਆਂ ਨੀਤੀਆਂ ਦਾ ਹਿੱਸਾ ਰਿਹਾ ਹੈ ਤੇ ਭਾਜਪਾ ਬੁਲਾਰਿਆਂ ਵਲੋਂ ਵੀ ਇਸੇ ਦੀ ਤਰਜਮਾਨੀ ਕੀਤੀ ਜਾ ਰਹੀ ਹੈ। ਭਾਜਪਾ ਦੇ ਆਮ ਆਗੂ ਤਾਂ ਕੀ ਉਚ ਸਰਕਾਰੀ ਅਹੁਦਿਆਂ ਉਪਰ ਬਿਰਾਜਮਾਨ ਆਗੂ ਵੀ ਫਿਰਕੂ ਨਫਰਤ ਨੂੰ ਸ਼ਹਿ ਦੇਣੋ ਬਾਜ ਨਹੀ ਆਉਂਦੇ। ਇਥੋ ਤੱਕ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਹੁਤ ਸਾਰੇ ਅਜਿਹੇ ਭਾਸ਼ਨ ਰਿਕਾਰਡ ਹਨ ਜਿਹਨਾਂ ਵਿਚ ਉਹ ਮੁਸਲਿਮ ਬਾਦਸ਼ਾਹਾਂ ਤੇ ਸ਼ਾਸ਼ਕਾਂ ਨੂੰ ਭਾਰਤ ਦੇ ਹਿੰਦੂਆਂ ਉਪਰ ਜੁਲਮ ਕਰਨ ਵਾਲੇ ਕਰਾਰ ਦਿੰਦਿਆਂ ਜਨਤਕ ਤੌਰ ਤੇ ਉਹਨਾਂ ਤੋ ਦੂਰੀ ਬਣਾਉਂਦੇ ਹਨ। ਭਾਜਪਾ ਦੇ ਸੀਨੀਅਰ ਆਗੂ ਤੇ ਯੂ ਪੀ ਮੁੱਖ ਮੰਤਰੀ ਯੋਗੀ ਅਦਿਤਯਾਨਾਥ ਵਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਈ ਨਫਰਤੀ ਭਾਸ਼ਨਾਂ ਦੇ ਹਵਾਲੇ ਮੌਜੂਦ ਹਨ। ਉਹਨਾਂ ਚੋਣਾ ਦੌਰਾਨ ਸਪੱਸ਼ਟ ਐਲਾਨ ਕੀਤਾ ਸੀ ਕਿ ਇਹ ਚੋਣ ਯੁਧ ਯੂਪੀ ਦੇ 80 ਪ੍ਰਤੀਸ਼ਤ ਹਿੰਦੂਆਂ ਤੇ 20 ਪ੍ਰਤੀਸ਼ਤ ਮੁਸਲਮਾਨਾਂ ਵਿਚਾਲੇ ਹੈ। ਨਫਰਤੀ ਭਾਸ਼ਨਾਂ ਤੋ ਇਲਾਵਾ ਇਹ ਭਾਜਪਾ ਸ਼ਾਸਨ ਹੀ ਹੈ ਜਿਸ ਦੌਰਾਨ ਇਤਿਹਾਸਕ ਮਸਜਿਦਾਂ ਨੂੰ ਮੰਦਿਰਾਂ ਵਿਚ ਤਬਦੀਲ ਕਰਨ ਦੀ ਮੁਹਿੰਮ ਆਰੰਭੀ ਗਈ ਹੈ। ਕਈ ਇਤਿਹਾਸਕ ਥਾਵਾਂ ਦੇ ਨਾਮ ਮੁਸਲਮਾਨ ਸ਼ਾਸ਼ਕਾਂ ਤੇ ਹਸਤੀਆਂ ਦੇ ਨਾਵਾਂ ਤੋ ਤਬਦੀਲ ਕਰਕੇ ਉਹਨਾਂ ਦਾ ਹਿੰਦੂਕਰਣ ਕੀਤਾ ਜਾ ਰਿਹਾ ਹੈ। ਅਯੁਧਿਆ ਦੀ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਿਰ ਦੀ ਉਸਾਰੀ ਮੁਹਿੰਮ ਤੋ ਬਾਦ ਹੁਣ ਵਾਰਾਨਸੀ ਦੇ ਗਿਆਨਵਾਪੀ ਮਸਜਿਦ, ਸ੍ਰੀਰੰਗਾਪਟਨਮ ਦੀ ਜਾਮੀਆ ਮਸਜਿਦ, ਦਿੱਲੀ ਦੇ ਕੁਤਬਮੀਨਾਰ ਅਤੇ ਕਈ ਹੋਰ ਇਤਿਹਾਸਕ ਥਾਵਾਂ ਖਿਲਾਫ ਬਾਬਰੀ ਮਸਜਿਦ ਨੂੰ ਢਾਹੁਣ ਵਾਂਗ 1992 ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਲੋਂ ਘੱਟ ਗਿਣਤੀ ਮੁਸਲਮਾਨਾਂ ਖਿਲਾਫ ਲਗਾਤਾਰ ਇਕ ਨਫਰਤੀ ਮਾਹੌਲ ਵਾਲੀ ਮੁਹਿੰਮ ਜਾਰੀ ਰੱਖੀ ਜਾ ਰਹੀ ਹੈ। ਸਰਕਾਰੀ ਪੱਧਰ ਦੇ ਇਸ ਮੁਹਿੰਮ ਨੂੰ ਅੱਗੇ ਵਧਾਉਂਦਿਆਂ ਹੀ ਤਿੰਨ ਤਲਾਕ ਕਨੂੰਨ ਵਿਚ ਸੋਧ, ਗਊ ਹੱਤਿਆ ਉਪਰ ਪਾਬੰਦੀ, ਮੁਸਲਿਮ ਮਰਦ ਤੇ ਹਿੰਦੂ ਔਰਤ ਵਿਚਾਲੇ ਵਿਆਹ ਨੂੰ ਗੈਰਕਨੂੰਨੀ ਕਰਾਰ ਦੇਣਾ ਤੇ ਹੁਣ ਸਿਟੀਜ਼ਨ ਸੋਧ ਬਿਲ ਵਿਚ ਮੁਸਲਮਾਨਾਂ ਨੂੰ ਧਰਮ ਦੇ ਆਧਾਰ ਤੇ ਬਾਹਰ ਰੱਖਣਾ, ਵੱਡੀਆਂ ਉਦਾਹਰਣਾਂ ਹਨ। ਪਾਰਟੀ ਪੱਧਰ ਅਤੇ ਸਰਕਾਰ ਪੱਧਰ ਉਪਰ ਇਤਨਾ ਕੁਝ ਕਰਨ ਦੇ ਬਾਵਜੂਦ ਅਗਰ ਇਹ ਕਿਹਾ ਜਾਵੇ ਕਿ ਮੁਹੰਮਦ ਸਾਹਿਬ ਖਿਲਾਫ ਟਿਪਣੀਆਂ ਨਾਲ ਪਾਰਟੀ ਜਾਂ ਸਰਕਾਰ ਦਾ ਕੋਈ ਸਬੰਧ ਨਹੀ ਤਾਂ ਇਸਨੂੰ ਸਿਆਸੀ ਅਤੇ ਇਖਲਾਕੀ ਬੇਈਮਾਨੀ ਹੀ ਕਿਹਾ ਜਾਵੇਗਾ। ਪਰ ਇਸ ਸਭ ਦਾ ਦੁਖਦਾਈ ਪਹਿਲੂ ਇਹ ਹੈ ਕਿ ਭਾਜਪਾ ਅਤੇ ਭਾਜਪਾ ਦੀ ਅਗਵਾਈ ਇਸ ਸਰਕਾਰ ਦੀ ਸਿਆਸੀ ਬੇਈਮਾਨੀ ਦਾ ਖਮਿਆਜਾ ਪੂਰੇ ਮੁਲਕ ਨੂੰ ਭਰਨਾ ਪੈ ਰਿਹਾ ਹੈ ਤੇ ਭਰਨਾ ਪਵੇਗਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ਿਓਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ਿਓਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899

Tarlok (Tony) Chandi
778-858-7878

Arjun Singh
604.760.3661





# ਅਗਨੀਪਥ ਸਕੀਮ ਦਾ ਦੇਸ਼ 'ਚ ਭਾਰੀ ਵਿਰੋਧ

*(ਸਫ਼ਾ 3 ਦੀ ਬਾਕੀ)*

ਜਹਾਨਾਬਾਦ, ਬਕਸਰ, ਕਟਿਹਾਰ, ਸਾਰਨ, ਭੋਜਪੁਰ ਤੇ ਕੈਮੂਰ ਵਿੱਚ ਪੱਥਰਬਾਜ਼ੀ ਦੀਆਂ ਘਟਨਾਵਾਂ ਦੌਰਾਨ ਕਈ ਲੋਕ ਜ਼ਖ਼ਮੀ ਹੋ ਗਏ। ਏਡੀਜੀਪੀ (ਕਾਨੂੰਨ ਵਿਵਸਥਾ) ਸੰਜੈ ਸਿੰਘ ਨੇ ਦੱਸਿਆ ਕਿ ਹਿੰਸਾ ਦੇ ਮਾਮਲੇ ਵਿੱਚ ਹੁਣ ਤੱਕ 125 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪ੍ਰਦਰਸ਼ਨਕਾਰੀਆਂ ਨਾਲ ਹੋਈ ਝੜਪ ਵਿੱਚ ਘੱਟੋ ਘੱਟ 16 ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ। ਪਟਨਾ ਵਿੱਚ ਰੋਸ ਪ੍ਰਦਰਸ਼ਨਾਂ ਦਰਮਿਆਨ ਭਾਜਪਾ ਵਿਧਾਇਕ ਅਰੁਣਾ ਦੇਵੀ ਅੱਜ ਵਾਲ ਵਾਲ ਬਚ ਗਏ। ਵਿਧਾਇਕਾ ਨਵਾਦਾ ਰੇਲਵੇ ਫਾਟਕ ਕੋਲੋਂ ਆਪਣੀ ਕਾਰ ਵਿੱਚ ਲੰਘ ਰਹੀ ਸੀ ਜਦੋਂਕਿ ਕੁਝ ਨੌਜਵਾਨਾਂ ਨੇ ਉਨ੍ਹਾਂ 'ਤੇ ਹਮਲਾ ਬੋਲ ਦਿੱਤਾ। ਨੌਜਵਾਨਾਂ ਨੇ ਕਾਰ 'ਤੇ ਪੱਥਰ ਮਾਰੇ, ਪਰ ਉਹ ਕਿਸੇ ਤਰ੍ਹਾਂ ਉਥੋਂ ਨਿਕਲਣ ਵਿੱਚ ਕਾਮਯਾਬ ਰਹੇ। ਉਂਜ ਪੱਥਰਬਾਜ਼ੀ ਦੌਰਾਨ ਵਿਧਾਇਕ ਦੇ ਡਰਾਈਵਰ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਯੂਪੀ ਦੇ ਬੁਲੰਦਸ਼ਹਿਰ ਤੇ ਬਲੀਆ ਜ਼ਿਲ੍ਹਿਆਂ ਵਿੱਚ ਨੌਜਵਾਨਾਂ ਨੇ 'ਅਗਨੀਪਥ' ਸਕੀਮ ਤਹਿਤ ਨੌਜਵਾਨਾਂ ਦੀ ਭਰਤੀ ਖਿਲਾਫ਼ ਧਰਨੇ ਪ੍ਰਦਰਸ਼ਨਾਂ ਦੌਰਾਨ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਸਕੀਮ ਵਾਪਸ ਲਏ ਜਾਣ ਦੀ ਮੰਗ ਕੀਤੀ। ਹਾਲਾਂਕਿ ਸਥਾਨਕ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਭਰੋਸੇ ਮਗਰੋਂ ਨੌਜਵਾਨ ਧਰਨਾ ਚੁੱਕਣ ਲਈ ਰਾਜ਼ੀ ਹੋ ਗਏ। ਉਂਜ ਧਰਨੇ ਪ੍ਰਦਰਸ਼ਨਾਂ ਕਰਕੇ ਬਲੀਆ ਤੇ ਨੇੜਲੇ ਜ਼ਿਲ੍ਹਿਆਂ ਵਿੱਚ ਰੇਲਗੱਡੀਆਂ ਦੀ ਆਵਾਜਾਈ ਪ੍ਰਭਾਵਿਤ ਹੋਈ। ਉਧਰ ਆਗਰਾ ਦੇ ਬਾਹ ਵਿੱਚ ਫੌਜ 'ਚ ਭਰਤੀ ਹੋਣ ਦੇ ਇੱਛੁਕ ਨੌਜਵਾਨਾਂ ਨੇ ਸਰਕਾਰੀ ਬੱਸ 'ਤੇ ਪੱਥਰਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਆਗਰਾ-ਜੈਪੁਰ ਹਾਈਵੇਅ ਤੇ ਐੱਮਜੀ ਰੋਡ ਨੂੰ ਜਾਮ ਕੀਤਾ। ਰਾਜਸਥਾਨ ਵਿੱਚ ਰਾਸ਼ਟਰੀ ਲੋਕਤਾਂਤਰਿਕ ਪਾਰਟੀ ਦੇ ਕੌਮੀ ਕਨਵੀਨਰ ਤੇ ਸੰਸਦ ਮੈਂਬਰ ਹਨੂਮਾਨ ਬੇਨੀਵਾਲ ਦੀ ਅਗਵਾਈ ਹੇਠ ਫੌਜ ਵਿੱਚ ਰੁਜ਼ਗਾਰ ਦੇ ਇੱਛੁਕ ਨੌਜਵਾਨਾਂ ਨੇ ਕੇਂਦਰ ਦੀ 'ਅਗਨੀਪਥ' ਸਕੀਮ ਖਿਲਾਫ਼ ਜੋਧਪੁਰ, ਸੀਕਰ, ਜੈਪੁਰ, ਨਾਗੌਰ, ਅਜਮੇਰ ਤੇ ਝੁਨਝੁਨੂ ਜ਼ਿਲ੍ਹਿਆਂ ਵਿੱਚ ਰੋਸ ਰੈਲੀਆਂ ਕੀਤੀਆਂ।



### 'ਅਗਨੀਵੀਰਾਂ' ਦੀ ਉਮਰ ਹੱਦ 23 ਸਾਲ ਕੀਤੀ

ਕੇਂਦਰ ਸਰਕਾਰ ਨੇ ਦੇਰ ਰਾਤ ਲਏ ਇੱਕ ਫ਼ੈਸਲੇ ਵਿੱਚ 'ਅਗਨੀਪਥ' ਸਕੀਮ ਤਹਿਤ 'ਅਗਨੀਵੀਰਾਂ' ਦੀ ਭਰਤੀ ਲਈ ਉਪਰਲੀ ਉਮਰ ਹੱਦ 21 ਸਾਲ ਤੋਂ ਵਧਾ ਕੇ 23 ਸਾਲ ਕਰ ਦਿੱਤੀ ਹੈ। ਇਹ ਉਮਰ ਹੱਦ ਸਿਰਫ਼ ਇੱਕ ਵਾਰ ਲਈ ਵਧਾਈ ਗਈ ਹੈ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

## ਸਿੱਧੂ ਮੂਸੇਵਾਲਾ ਕੇਸ

# ਗੈਂਗਸਟਰ ਲਾਰੈਂਸ ਕੋਲੋਂ ਪੁੱਛ-ਪੜਤਾਲ ਦੌਰਾਨ ਵੱਡੇ ਖੁਲਾਸੇ

**• ਤਿਹਾੜ ਜੇਲ੍ਹ 'ਚੋਂ ਮੋਬਾਈਲ ਫੋਨ 'ਤੇ ਸਿਗਨਲ ਐਪ ਰਾਹੀਂ ਹੁੰਦਾ ਸੀ ਗੋਲਡੀ ਬਰਾੜ ਨਾਲ ਤਾਲਮੇਲ • ਗੋਲਡੀ ਦੇ ਜੀਜਾ ਗੁਰਿੰਦਰ ਗੋਰਾ ਨੂੰ ਜੇਲ੍ਹ 'ਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ**





ਐੱਸ.ਏ.ਐੱਸ. ਨਗਰ (ਮੁਹਾਲੀ)-ਪੰਜਾਬੀ ਗਾਇਕ ਅਤੇ ਕਾਂਗਰਸੀ ਆਗੂ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਦੇ ਮਾਮਲੇ ਵਿੱਚ ਪੁਲੀਸ ਨੂੰ ਲਾਰੈਂਸ ਬਿਸ਼ਨੋਈ ਅਤੇ ਹੋਰਨਾਂ ਮੁਲਜ਼ਮਾਂ ਕੋਲੋਂ ਕੀਤੀ ਗਈ ਪੁੱਛ-ਪੜਤਾਲ ਦੌਰਾਨ ਅਹਿਮ ਸੁਰਾਗ ਮਿਲੇ ਹਨ। ਉਧਰ, ਪੰਜਾਬ ਪੁਲੀਸ ਨੇ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਦੇ ਹੁਸ਼ਿਆਰਪੁਰ ਜੇਲ੍ਹ ਵਿੱਚ ਬੰਦ ਜੀਜਾ ਗੁਰਿੰਦਰ ਗੋਰਾ ਨੂੰ ਪੁੱਛ-ਪੜਤਾਲ ਲਈ ਪ੍ਰੋਡਕਸ਼ਨ ਵਾਰੰਟ 'ਤੇ ਹਿਰਾਸਤ ਵਿੱਚ ਲਿਆਂਦਾ। ਪੁਲੀਸ ਅਨੁਸਾਰ ਲਾਰੈਂਸ ਬਿਸ਼ਨੋਈ ਹੀ ਇਸ ਪੂਰੇ ਘਟਨਾਕ੍ਰਮ ਦਾ ਮਾਸਟਰਮਾਈਂਡ ਹੈ। ਉਸ ਨੇ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿੱਚ ਗਾਇਕਾਂ, ਅਦਾਕਾਰਾਂ ਅਤੇ ਕਾਰੋਬਾਰੀਆਂ ਕੋਲੋਂ ਫਿਰੌਤੀਆਂ ਮੰਗਣ ਦੀ ਗੱਲ ਵੀ ਕਬੂਲੀ ਹੈ। ਉਸ ਨੇ ਪੁਲੀਸ ਨੂੰ ਇਹ ਵੀ ਦੱਸਿਆ ਹੈ ਕਿ ਉਹ ਤਿਹਾੜ ਜੇਲ੍ਹ 'ਚੋਂ ਹੀ ਮੋਬਾਈਲ ਫੋਨ 'ਤੇ ਸਿਗਨਲ ਐਪ ਰਾਹੀਂ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨਾਲ ਤਾਲਮੇਲ ਕਰਦਾ ਸੀ। ਗੋਰਾ ਅਪਰਾਧਿਕ ਮਾਮਲੇ ਵਿੱਚ ਹੁਸ਼ਿਆਰਪੁਰ ਜੇਲ੍ਹ ਵਿੱਚ ਬੰਦ ਹੈ। ਉਂਜ ਉਸ ਵਿਰੁੱਧ ਵੱਖ-ਵੱਖ ਥਾਣਿਆਂ ਵਿੱਚ ਕਰੀਬ ਨੌਂ ਕੇਸ ਦਰਜ ਹਨ। ਸੀਆਈਏ ਕੈਂਪ ਦਫ਼ਤਰ ਵਿੱਚ ਵੀਰਵਾਰ ਨੂੰ ਲਾਰੈਂਸ ਬਿਸ਼ਨੋਈ ਅਤੇ ਗੋਰਾ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛ-ਪੜਤਾਲ ਕੀਤੀ ਗਈ। ਦੱਸਣਾ ਬਣਦਾ ਹੈ ਕਿ ਲਾਰੈਂਸ ਨੇ ਪੁੱਛਗਿਛ ਦੌਰਾਨ ਗੋਰਾ ਦਾ ਨਾਂ ਲਿਆ ਸੀ। ਜਾਂਚ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਸਿੱਧੂ ਮੂਸੇਵਾਲਾ ਨੂੰ ਮਾਰਨ ਦੀ ਯੋਜਨਾ ਜਨਵਰੀ 2022 ਵਿੱਚ ਬਣਾਈ ਗਈ ਸੀ ਅਤੇ ਉਦੋਂ ਹੀ ਸੰਦੀਪ ਕੇਕੜਾ ਨੂੰ ਰੇਕੀ ਕਰਨ ਦੇ ਕੰਮ 'ਤੇ ਲਗਾਇਆ ਗਿਆ ਸੀ। ਚੋਣਾਂ ਵਿੱਚ ਖੜ੍ਹੇ ਹੋਣ ਕਾਰਨ ਮੂਸੇਵਾਲਾ ਨਾਲ ਹਰ ਵੇਲੇ ਸੁਰੱਖਿਆ ਗਾਰਡ ਰਹਿੰਦੇ ਸਨ ਜਿਸ ਕਾਰਨ ਉਦੋਂ ਉਸ ਦੀ ਹੱਤਿਆ ਨਹੀਂ ਕੀਤੀ ਜਾ ਸਕੀ। ਕੇਕੜਾ ਪਲ-ਪਲ ਦੀ ਸੂਚਨਾ ਦੇ ਰਿਹਾ ਸੀ। ਉਧਰ, ਪੁਲੀਸ ਹੁਣ ਗੈਂਗਸਟਰ ਪਵਨ ਬਿਸ਼ਨੋਈ, ਮੋਨੂੰ ਡਾਗਰ, ਨਸੀਬ ਖਾਨ, ਮਨਪ੍ਰੀਤ ਸਿੰਘ ਉਰਫ਼ ਮੰਨਾ ਉਰਫ਼ ਭਾਊ ਨੂੰ ਵੀ ਪੁੱਛ-ਪੜਤਾਲ ਲਈ ਲਿਆ ਸਕਦੀ ਹੈ। ਉਨ੍ਹਾਂ ਨੂੰ ਵੀ ਲਾਰੈਂਸ ਬਿਸ਼ਨੋਈ ਨਾਲ ਬਿਠਾ ਕੇ ਕਰਾਸ ਪੁੱਛਗਿਛ ਕੀਤੀ ਜਾਵੇਗੀ। ਪਵਨ ਬਿਸ਼ਨੋਈ ਨੇ ਹੀ ਸ਼ੂਟਰਾਂ ਨੂੰ ਬੋਲੈਰੋ ਗੱਡੀ ਤੇ ਪਨਾਹ ਦਿੱਤੀ ਸੀ। ਮੋਨੂੰ ਡਾਗਰ ਨੇ ਗੋਲਡੀ ਬਰਾੜ ਦੇ ਕਹਿਣ 'ਤੇ ਸ਼ੂਟਰਾਂ ਦੀ ਟੀਮ ਬਣਾਈ ਸੀ, ਜਿਨ੍ਹਾਂ 'ਚੋਂ ਚਾਰ ਸ਼ੂਟਰਾਂ ਦੀ ਪਛਾਣ ਕਰ ਲਈ ਗਈ ਹੈ। ਚਰਨਜੀਤ ਸਿੰਘ ਨਾਂ ਦੇ ਮੁਲਜ਼ਮ ਨੇ ਹਥਿਆਰ ਅਤੇ ਜਾਅਲੀ ਨੰਬਰ ਪਲੇਟਾਂ ਮੁਹੱਈਆ ਕਰਵਾਈਆਂ ਸਨ। ਇੱਕ ਪੈਟਰੋਲ ਪੰਪ ਦੀ ਪਰਚੀ ਵੀ ਪੁਲੀਸ ਦੇ ਹੱਥ ਲੱਗੀ ਹੈ। ਕਿਹਾ ਜਾ ਰਿਹਾ ਹੈ ਕਿ ਮੂਸੇਵਾਲਾ ਦੇ ਕਤਲ ਲਈ ਵਰਤੀ ਬੋਲੈਰੋ ਗੱਡੀ ਵਿੱਚ 25 ਮਈ ਨੂੰ ਫ਼ਤਿਹਾਬਾਦ ਤੋਂ ਡੀਜ਼ਲ ਪੁਆਇਆ ਗਿਆ ਸੀ।

ਲਾਰੈਂਸ ਬਿਸ਼ਨੋਈ ਨੂੰ ਜ਼ਿਲ੍ਹਾ ਸੀਆਈਏ ਸਟਾਫ਼ ਮੁਹਾਲੀ ਦੇ ਕੈਂਪ ਦਫ਼ਤਰ ਖਰੜ ਵਿੱਚ ਰੱਖਿਆ ਗਿਆ ਹੈ। ਇਸ ਦਾ ਇੱਕ ਕਾਰਨ ਇਹ ਮੰਨਿਆ ਜਾ ਰਿਹਾ ਹੈ ਕਿ ਸੀਆਈਏ ਸਟਾਫ਼ ਦਾ ਇਹ ਕੈਂਪ ਦਫ਼ਤਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਮੁਹਾਲੀ ਦੀ ਜੂਹ ਵਿੱਚ ਹੈ। ਚੰਡੀਗੜ੍ਹ ਅਤੇ ਮੁਹਾਲੀ ਵਿੱਚ ਪੰਜਾਬ ਪੁਲੀਸ ਦੇ ਮੁੱਖ ਦਫ਼ਤਰ ਸਮੇਤ ਖ਼ੁਫ਼ੀਆ ਵਿੰਗ, ਐੱਸਟੀਐੱਫ਼, ਸਪੈਸ਼ਲ ਅਪਰੇਸ਼ਨ ਸੈੱਲ, ਓਕੋ ਸਮੇਤ ਐਂਟੀ ਗੈਂਗਸਟਰ ਸੈੱਲ ਸਥਾਪਤ ਹਨ। ਇੱਥੇ ਡੀਜੀਪੀ, ਏਡੀਜੀਪੀ, ਆਈਜੀ, ਡੀਆਈਜੀ ਸਣੇ ਹੋਰ ਉੱਚ ਅਧਿਕਾਰੀ ਬੈਠਦੇ ਹਨ ਜੋ ਸਮੇਂ-ਸਮੇਂ 'ਤੇ ਗ੍ਰਿਫ਼ਤਾਰ ਅਪਰਾਧੀਆਂ ਕੋਲੋਂ ਪੁੱਛ-ਪੜਤਾਲ ਕਰ ਸਕਦੇ ਹਨ ਜਾਂ ਉਨ੍ਹਾਂ 'ਤੇ ਅੱਖ ਰੱਖ ਸਕਦੇ ਹਨ।

### ਬਿਸ਼ਨੋਈ ਕੋਲੋਂ ਦਰਜਨ ਤੋਂ ਵੱਧ ਸਵਾਲ ਪੁੱਛੇ

ਸੂਤਰ ਦੱਸਦੇ ਹਨ ਕਿ ਜਾਂਚ ਟੀਮ ਨੇ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਅਦਾਕਾਰ ਸਲਮਾਨ ਖਾਨ ਨੂੰ ਧਮਕੀਆਂ ਦੇਣ ਸਮੇਤ ਲਾਰੈਂਸ ਬਿਸ਼ਨੋਈ ਕੋਲੋਂ ਦਰਜਨ ਤੋਂ ਵੱਧ ਸਵਾਲ ਪੁੱਛੇ ਹਨ। ਪੁਲੀਸ ਨੇ ਸਵਾਲ ਕੀਤਾ ਕਿ ਸਲਮਾਨ ਖਾਨ ਨੂੰ ਮਾਰਨ ਦੀ ਧਮਕੀ ਦੇਣ ਪਿੱਛੇ ਕੀ ਕਾਰਨ ਸਨ, ਕੀ ਉਸ (ਲਾਰੈਂਸ) ਨੇ ਮੂਸੇਵਾਲਾ ਨੂੰ ਸਿੱਧੀ ਧਮਕੀ ਦਿੱਤੀ ਸੀ ਜਾਂ ਫਿਰੌਤੀ ਮੰਗਣ ਲਈ ਧਮਕਾਇਆ ਸੀ। ਪੰਜਾਬ ਸਮੇਤ ਤਿੰਨ ਸੂਬਿਆਂ ਦੀ ਪੁਲੀਸ ਉਸ ਦਾ ਨਾਂ ਕਿਉਂ ਲੈ ਰਹੀ ਹੈ, ਉਹ ਸਾਹਰੁਖ਼ ਨੂੰ ਕਦੋਂ ਤੋਂ ਜਾਣਦਾ ਹੈ ਅਤੇ ਸੁਪਾਰੀ ਕਦੋਂ ਤੇ ਕਿਵੇਂ ਦਿੱਤੀ। ਮੂਸੇਵਾਲਾ 'ਤੇ ਹਮਲਾ ਕਰਨ ਵਾਲੇ ਕਿੰਨੇ ਸ਼ੂਟਰ ਸਨ। ਜਦੋਂ ਉਹ ਜੇਲ੍ਹ ਵਿੱਚ ਬੈਠਾ ਹੈ ਤਾਂ ਉਸ ਦਾ ਸੋਸ਼ਲ ਮੀਡੀਆ ਅਕਾਊਂਟ ਕੌਣ ਚਲਾ ਰਿਹਾ ਹੈ। ਗੋਲਡੀ ਬਰਾੜ ਨਾਲ ਉਸ ਦਾ ਕੀ ਰਿਸ਼ਤਾ ਹੈ, ਉਹ ਕਦੋਂ ਇੱਕ-ਦੂਜੇ ਦੇ ਸੰਪਰਕ ਵਿੱਚ ਆਏ। ਕੀ ਗੁਰਲਾਲ ਬਰਾੜ ਵੀ ਉਸ ਦੇ ਗਰੁੱਪ ਲਈ ਕੰਮ ਕਰਦਾ ਸੀ।

## ਡਾਗਰ, ਪਵਨ ਤੇ ਨਸੀਬ ਤੋਂ ਲਾਰੈਂਸ ਦੇ ਆਹਮੋ-ਸਾਹਮਣੇ ਬਿਠਾ ਕੇ ਹੋਵੇਗੀ ਪੁੱਛ-ਪੜਤਾਲ

ਮਾਨਸਾ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਮਾਨਸਾ ਪੁਲੀਸ ਹੁਣ ਲਾਰੈਂਸ ਬਿਸ਼ਨੋਈ ਦੇ ਨਾਲ ਤਿੰਨ ਹੋਰ ਮੁਲਜ਼ਮਾਂ ਮੋਨੂੰ ਡਾਗਰ, ਪਵਨ ਬਿਸ਼ਨੋਈ, ਨਸੀਬ ਖ਼ਾਨ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛ-ਪੜਤਾਲ ਕਰੇਗੀ। ਪੁਲੀਸ ਨੇ ਇਨ੍ਹਾਂ ਤਿੰਨੋਂ ਜਣਿਆਂ ਦਾ ਮਾਨਸਾ ਦੀ ਅਦਾਲਤ ਤੋਂ ਸੱਤ ਦਿਨਾਂ ਦਾ ਰਿਮਾਂਡ ਲੈ ਲਿਆ ਹੈ। ਜਾਣਕਾਰੀ ਮੁਤਾਬਕ ਇਸ ਪੁੱਛ-ਪੜਤਾਲ ਸਬੰਧੀ ਪੁਲੀਸ ਨੇ ਪ੍ਰਸ਼ਨਾਵਲੀ ਵੀ ਤਿਆਰ ਕੀਤੀ ਹੈ। ਇੱਕ ਪੁਲੀਸ ਅਧਿਕਾਰੀ ਤੋਂ ਮਿਲੀ ਜਾਣਕਾਰੀ ਮੁਤਾਬਕ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ), ਸਪੈਸ਼ਲ ਇਨਵੈਸ਼ਟੀਗੇਸ਼ਨ ਟੀਮ (ਸਿੱਟ), ਕਾਊਂਟਰ ਇੰਟੈਲੀਜੈਂਸੀ ਡਿਪਾਰਟਮੈਂਟ (ਸੀਆਈਡੀ) ਅਤੇ ਆਰਗੇਨਾਈਜ਼ਡ ਕਰਾਈਮ ਕੰਟਰੋਲ ਯੂਨਿਟ (ਓਸੀਸੀਯੂ) ਵੱਲੋਂ ਇਹ ਪੁੱਛ-ਪੜਤਾਲ ਕੀਤੀ ਜਾਣੀ ਹੈ। ਹੁਣ ਤੱਕ ਲਾਰੈਂਸ ਬਿਸ਼ਨੋਈ ਤੋਂ ਪੁੱਛੇ ਸਵਾਲਾਂ ਤੋਂ ਇਹ ਗੱਲ ਸਾਹਮਣੇ ਨਹੀਂ ਆ ਸਕੀ ਕਿ ਉਸ ਦਾ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਕੋਈ ਸਿੱਧਾ ਰੋਲ ਹੈ। ਇਸ ਤੋਂ ਪਹਿਲਾਂ ਪੁਲੀਸ ਨੇ ਨੌਂ ਵਿਅਕਤੀਆਂ ਚਰਨਜੀਤ ਸਿੰਘ ਉਰਫ ਚੇਤਨ, ਸੰਦੀਪ ਸਿੰਘ ਉਰਫ਼ ਕੇਕੜਾ, ਮਨਪ੍ਰੀਤ ਸਿੰਘ ਉਰਫ ਮੰਨਾ, ਮਨਪ੍ਰੀਤ ਭਾਊ, ਸਾਰਜ ਮਿੰਟੂ, ਪ੍ਰਭਦੀਪ ਸਿੱਧੂ ਉਰਫ਼ ਪੱਬੀਸ, ਮੋਨੂੰ ਡਾਗਰ, ਪਵਨ ਬਿਸ਼ਨੋਈ ਅਤੇ ਨਸੀਬ ਨੂੰ ਸਾਜ਼ਿਸ਼ ਰਚਣ, ਸਹਾਇਤਾ ਪ੍ਰਦਾਨ ਕਰਨ, ਰੇਕੀ ਕਰਨ ਅਤੇ ਨਿਸ਼ਾਨੇਬਾਜ਼ਾਂ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੋਇਆ ਹੈ। ਇੱਕ ਪੁਲੀਸ ਅਧਿਕਾਰੀ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਜਾਂਚ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਗ੍ਰਿਫ਼ਤਾਰ ਨੌਂ ਵਿਅਕਤੀ ਲਾਰੈਂਸ ਬਿਸ਼ਨੋਈ ਅਤੇ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ, ਸਚਿਨ ਥਾਪਨ, ਅਨਮੋਲ ਬਿਸ਼ਨੋਈ ਅਤੇ ਵਿਕਰਮ ਬਰਾੜ (ਹੁਣ ਦੁਬਈ) ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰ ਰਹੇ ਸਨ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of Excellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਭ੍ਰਿਸ਼ਟਾਚਾਰ ਤੇ ਮਾਫ਼ੀਆ ਖ਼ਿਲਾਫ਼ ਕਾਰਵਾਈ ਤੋਂ ਵਿਰੋਧੀ ਆਗੂ ਘਬਰਾਏ-ਭਗਵੰਤ ਮਾਨ

## ਸਿਮਰਨਜੀਤ ਮਾਨ ’ਤੇ ਕੀਤੀ ਟਿੱਪਣੀ, ‘ਅਸੀਂ ਪਿਆਰ ਦੀ ਗੱਲ ਕਰਦੇ ਹਾਂ, ਉਹ ਤਲਵਾਰ ਦੀ’

### ਮੁੱਖ ਮੰਤਰੀ ਵੱਲੋਂ ‘ਆਪ’ ਉਮੀਦਵਾਰ ਗੁਰਮੇਲ ਸਿੰਘ ਦੇ ਹੱਕ ’ਚ ਚੋਣ ਪ੍ਰਚਾਰ

ਬਰਨਾਲਾ-ਮੁੱਖ ਮੰਤਰੀ ਭਗਵੰਤ ਮਾਨ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਦੌਰਾਨ ਪਾਰਟੀ ਉਮੀਦਵਾਰ ਗੁਰਮੇਲ ਸਿੰਘ ਦੇ ਹੱਕ ‘ਚ ਚੋਣ ਪ੍ਰਚਾਰ ਕਰਨ ਲਈ ਇੱਥੇ ਪੁੱਜੇ। ਇਸ ਦੌਰਾਨ ਉਨ੍ਹਾਂ ਵਿਧਾਨ ਸਭਾ ਹਲਕਾ ਭਦੌੜ ਦੇ ਪਿੰਡਾਂ ਸ਼ਹਿਣਾ, ਪੱਖੋਂ ਕੈਂਚੀਆਂ, ਭਦੌੜ, ਉਗੋਕੇ, ਢਿੱਲਵਾਂ, ਤਪਾ, ਤਾਜੋਕੇ, ਪੱਖੋਂ ਕਲਾਂ, ਰੁੜੇਕੇ ਕਲਾਂ, ਧੌਲਾ ਅਤੇ ਬਰਨਾਲਾ ਹਲਕੇ ਦੇ ਪਿੰਡਾਂ ਹੰਡਿਆਇਆ, ਬਰਨਾਲਾ ਸ਼ਹਿਰ, ਕਚਹਿਰੀ ਚੌਕ, ਸੰਧੂ ਪੱਤੀ, ਸੰਘੇੜਾ, ਕਰਮਗੜ੍ਹ, ਨੰਗਲ, ਝਲੂਰ, ਸੇਖਾ, ਫਰਵਾਹੀ, ਰਾਜਗੜ੍ਹ, ਉਪਲੀ ਅਤੇ ਕੱਟੂ ਵਿੱਚ ‘ਰੋਡ ਸ਼ੋਅ’ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਗੁਰਮੇਲ ਸਿੰਘ ਉਨ੍ਹਾਂ (ਮਾਨ) ਵਾਂਗ ਹੀ ਆਮ ਘਰ ਦਾ ਨੌਜਵਾਨ ਹੈ ਅਤੇ ਆਮ ਆਦਮੀ ਦਾ ਦੁੱਖ-ਦਰਦ ਸਮਝਦਾ ਹੈ। ਇਹ ਸਰਪੰਚ ਸੰਸਦ ਮੈਂਬਰ ਬਣ ਕੇ ਸੰਗਰੂਰ ਦੇ ਆਮ ਲੋਕਾਂ ਦੀ ਆਵਾਜ਼ ਲੋਕ ਸਭਾ ‘ਚ ਚੁੱਕੇਗਾ। ਮੁੱਖ ਮੰਤਰੀ ਸ੍ਰੀ ਮਾਨ ਨੇ ਵਿਰੋਧੀ ਪਾਰਟੀਆਂ ਵੱਲੋਂ ‘ਆਪ’ ਸਰਕਾਰ ਦੀ ਕੀਤੀ ਜਾਂਦੀ ਆਲੋਚਨਾ ਦਾ ਜਵਾਬ ਦਿੰਦਿਆਂ ਕਿਹਾ, ‘ਅਸੀਂ ਭ੍ਰਿਸ਼ਟਾਚਾਰ ਦੀ ਜੜ੍ਹ ‘ਤੇ ਹਮਲਾ ਕਰ ਰਹੇ ਹਾਂ, ਇਸੇ ਲਈ ਸਾਰੀਆਂ ਵਿਰੋਧੀ ਪਾਰਟੀਆਂ ਸਾਡਾ ਵਿਰੋਧ ਕਰ ਰਹੀਆਂ ਹਨ। ਭ੍ਰਿਸ਼ਟਾਚਾਰ ਅਤੇ ਮਾਫ਼ੀਆ ਖ਼ਿਲਾਫ਼ ਸਰਕਾਰ ਦੀ ਕਾਰਵਾਈ ਤੋਂ ਵਿਰੋਧੀ ਆਗੂ ਘਬਰਾ ਗਏ ਹਨ ਅਤੇ ਉਨ੍ਹਾਂ ਨੂੰ ਜੇਲ੍ਹ ਜਾਣ ਦਾ ਡਰ ਲੱਗ ਰਿਹਾ ਹੈ।‘

ਮੁੱਖ ਮੰਤਰੀ ਨੇ ਅਕਾਲੀ ਦਲ (ਅੰਮ੍ਰਿਤਸਰ) ਆਗੂ ਸਿਮਰਨਜੀਤ ਸਿੰਘ ਮਾਨ ਦੀ ਆਲੋਚਨਾ ਕਰਦਿਆਂ ਕਿਹਾ, ‘ਅਸੀਂ ਪਿਆਰ ਦੀ ਗੱਲ ਕਰਦੇ ਹਾਂ। ਪੰਜਾਬ ਦੀ ਅਮਨ-ਸ਼ਾਂਤੀ ਅਤੇ ਭਾਈਚਾਰੇ ਦੀ ਗੱਲ ਕਰਦੇ ਹਾਂ। ਪੰਜਾਬ ਦਾ ਪਾਣੀ ਅਤੇ ਕਿਸਾਨੀ ਬਚਾਉਣ ਦੀ ਗੱਲ ਕਰਦੇ ਹਾਂ। ਨੌਜਵਾਨਾਂ ਲਈ ਰੋਜ਼ਗਾਰ ਦੀ ਗੱਲ ਕਰਦੇ ਹਾਂ ਜਦਕਿ ਉਹ (ਸਿਮਰਨਜੀਤ ਮਾਨ) ਗੋਲੀ, ਬੰਦੂਕ ਅਤੇ ਤਲਵਾਰ ਦੀਆਂ ਗੱਲਾਂ ਕਰਦੇ ਹਨ। ਬੰਦੂਕ ਅਤੇ ਤਲਵਾਰ ਨਾਲ ਕਿਸੇ ਵੀ ਸਮਾਜ ਦਾ ਭਲਾ ਨਹੀਂ ਹੁੰਦਾ। ਸਮਾਜ ਦਾ ਭਲਾ ਹੁੰਦਾ ਹੈ ਸਹੀ ਸੋਚ ਅਤੇ ਸਹੀ ਯਤਨਾਂ ਨਾਲ।‘

ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਬਣੇ ਨੂੰ ਕੇਵਲ ਤਿੰਨ ਮਹੀਨੇ ਹੋਏ ਹਨ ਪਰ ਐਨੇ ਘੱਟ ਸਮੇਂ ‘ਚ ਸਰਕਾਰ ਨੇ ਕਈ ਇਤਿਹਾਸਕ ਫ਼ੈਸਲੇ ਕੀਤੇ ਹਨ, ਜਿਹੜੇ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਨੇ ਪਿਛਲੇ 75 ਸਾਲਾਂ ‘ਚ ਨਹੀਂ ਕੀਤੇ ਸਨ।

ਉਨ੍ਹਾਂ ਕਿਹਾ ਕਿ ਕਈ ਭ੍ਰਿਸ਼ਟਾਚਾਰੀ ਆਗੂਆਂ ਅਤੇ ਮੰਤਰੀਆਂ ‘ਤੇ ਕਾਰਵਾਈ ਕੀਤੀ ਗਈ ਹੈ ਅਤੇ ਕਈ ਵੱਡੇ-ਵੱਡੇ ਆਗੂਆਂ ਦੇ ਕਾਰਨਾਮਿਆਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ, ਜਲਦੀ ਹੀ ਉਨ੍ਹਾਂ ‘ਤੇ ਵੀ ਕਾਰਵਾਈ ਹੋਵੇਗੀ। ਮੁੱਖ ਮੰਤਰੀ ਮਾਨ ਨੇ ਵਿਸ਼ਵਾਸ ਦਿਵਾਇਆ ਕਿ ਲੋਕਾਂ ਦਾ ਇੱਕ-ਇੱਕ ਪੈਸਾ ਹੁਣ ਲੋਕਾਂ ‘ਤੇ ਖਰਚ ਹੋ ਰਿਹਾ ਹੈ। ਮਾਫ਼ੀਆ ਅਤੇ ਭ੍ਰਿਸ਼ਟਾਚਾਰ ਖ਼ਤਮ ਹੋ ਰਿਹਾ ਹੈ। ਪਿਛਲੀਆਂ ਸਰਕਾਰਾਂ ‘ਚ ਜਿਹੜਾ ਸਿਆਸੀ ਆਗੂਆਂ ਦਾ ਮਾਫ਼ੀਆ ਨਾਲ ਗੱਠਜੋੜ ਸੀ, ਉਹ ਹੁਣ ਟੁੱਟ ਚੁੱਕਾ ਹੈ। ਇਸ ਲਈ ਭ੍ਰਿਸ਼ਟਾਚਾਰੀ ਆਗੂ ਅਤੇ ਮਾਫ਼ੀਆ ‘ਆਪ’ ਸਰਕਾਰ ਖ਼ਿਲਾਫ਼ ਹੋ ਗਿਆ ਹੈ ਅਤੇ ਸਰਕਾਰ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ।



#### ‘ਸੱਤਰ ਸਾਲਾਂ ਤੋਂ ਉਲਝੀ ਤਾਣੀ ਨੂੰ ਤਿੰਨ ਮਹੀਨਿਆਂ ਵਿੱਚ ਠੀਕ ਨਹੀਂ ਕੀਤਾ ਜਾ ਸਕਦਾ’

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੱਤਰ ਸਾਲਾਂ ਤੋਂ ਉਲਝੀ ਤਾਣੀ ਨੂੰ ਤਿੰਨ ਮਹੀਨਿਆਂ ਵਿੱਚ ਠੀਕ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਉਨ੍ਹਾਂ 5800 ਏਕੜ ਸਰਕਾਰੀ ਜ਼ਮੀਨ ਛੁਡਵਾਈ ਹੈ ਜਿਸ ‘ਤੇ ਕੁਝ ਲੋਕ ਕਬਜ਼ਾ ਕਰੀ ਬੈਠੇ ਸਨ। ਇਸ ਜ਼ਮੀਨ ਦੇ ਠੇਕੇ ਨਾਲ ਲੋਕਾਂ ਦੀ ਭਲਾਈ ਦੇ ਕਾਰਜ ਕੀਤੇ ਜਾਣਗੇ। ਸ੍ਰੀ ਮਾਨ ਨੇ ਕਿਹਾ ਕਿ ਅਜੇ ਕੁਝ ਲੋਕ 60 ਹਜ਼ਾਰ ਏਕੜ ਸਰਕਾਰੀ ਜ਼ਮੀਨ ਦੱਬੀ ਬੈਠੇ ਹਨ ਤੇ ਪਿਛਲੇ ਹਾਕਮਾਂ ਦਾ ਇੱਕ ਪਰਿਵਾਰ 3603 ਏਕੜ ਜ਼ਮੀਨ ਦੱਬੀ ਬੈਠਾ ਹੈ ਜਿਸ ਨੂੰ ਉਹ ਪੱਕੇ ਪੈਰੀਂ ਹੱਥ ਪਾ ਰਹੇ ਹਨ ਤਾਂ ਜੋ ਉਹ ਜ਼ਮਾਨਤ ‘ਤੇ ਵੀ ਬਾਹਰ ਨਾ ਆ ਸਕਣ।

#### ‘ਰਾਹੁਲ 52 ਸਾਲਾਂ ਦੇ ਹਨ, ਪਰ ਹਾਲੇ ਵੀ ਯੂਥ ਅਖਵਾਉਂਦੇ ਹਨ’

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ ਵਿੱਚ 25-26 ਸਾਲ ਦੇ ਨੌਜਵਾਨ ਐੱਮਐੱਲਏ ਬਣ ਰਹੇ ਹਨ। ਕਾਂਗਰਸ ਵਿੱਚ ਰਾਹੁਲ ਗਾਂਧੀ 52 ਸਾਲ ਦੇ ਹਨ ਅਤੇ ਹਾਲੇ ਵੀ ਯੂਥ ਕਹਾਉਂਦੇ ਹਨ। ਉਨ੍ਹਾਂ ਕਿਹਾ ਕਿ 70 ਸਾਲ ਤੋਂ ਪਹਿਲਾਂ ਕਾਂਗਰਸ ਅਤੇ ਅਕਾਲੀ ਦਲ ‘ਚ ਵਿਧਾਇਕ ਬਣਦਾ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ 25 ਸਾਲ ਰਾਜ ਕਰਨ ਦਾ ਦਾਅਵਾ ਕੀਤਾ ਸੀ, ਪਰ ਹੁਣ 1-1 ਸੀਟ ਨੂੰ ਤੁਰੇ ਫਿਰਦੇ ਹਨ।

#### ਜੇ ਸੰਸਦ ਮੈਂਬਰ ਬਣਨ ਨਾਲ ਬੰਦੀ ਸਿੱਖ ਰਿਹਾਅ ਹੁੰਦੇ ਤਾਂ ਹਰਸਿਮਰਤ ਤੇ ਸੁਖਬੀਰ ਅੱਜ ਤੱਕ ਕੀ ਰਹੇ ਸਨ ?

‘ਜੇ ਸੰਸਦ ਮੈਂਬਰ ਬਣਨ ਨਾਲ ਬੰਦੀ ਸਿੱਖ ਰਿਹਾਅ ਹੁੰਦੇ ਨੇ ਤਾਂ ਬੀਬਾ ਹਰਸਿਮਰਤ ਬਾਦਲ ਅਤੇ ਸੁਖਬੀਰ ਬਾਦਲ ਅੱਜ ਤੱਕ ਕੀ ਰਹੇ ਸਨ ਜਦਕਿ ਇਹ ਦੋਵੇਂ ਪਤੀ-ਪਤਨੀ ਸੰਸਦ ਮੈਂਬਰ ਹਨ, ਇਨ੍ਹਾਂ ਨੇ ਇੰਨੇ ਸਾਲਾਂ ਤੋਂ ਬੰਦੀ ਸਿੰਘਾਂ ਨੂੰ ਕਿਉਂ ਨਹੀਂ ਛੁਡਾਇਆ ?‘ ਇਹ ਸਵਾਲ ਮੁੱਖ ਮੰਤਰੀ ਭਗਵੰਤ ਮਾਨ ਨੇ ‘ਆਪ‘ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਦੇ ਹੱਕ ‘ਚ ਪ੍ਰਚਾਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਪੁੱਛੇ। ਸ੍ਰੀ ਮਾਨ ਨੇ ਕਿਹਾ ਕਿ ਅਸਲ ‘ਚ ਅਕਾਲੀ ਦਲ ਬਾਦਲ ਅਤੇ ਕਾਂਗਰਸ ਦੇ ਆਗੂਆਂ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਇੱਕ ਆਮ ਘਰ ਦਾ ਮੁੰਡਾ ਪੰਜਾਬ ਦਾ ਮੁੱਖ ਮੰਤਰੀ ਕਿਵੇਂ ਬਣ ਗਿਆ।

## ਪੁਲਿਸ ਦੀ ਮੋਟਰ ਗੱਡੀ ਵਿਚ ਕਈ ਵਾਰ ਟੱਕਰ ਮਾਰਨ ਵਾਲਾ ਗ੍ਰਿਫ਼ਤਾਰ

ਵਿਨੀਪੈਗ-ਆਰਸੀਐਮਪੀ ਨੇ ਪੁਲਿਸ ਦੀ ਮੋਟਰ ਗੱਡੀ ਨੂੰ ਕਈ ਵਾਰ ਟੱਕਰ ਮਾਰਨ ਪਿੱਛੋਂ ਪੋਰਟੇਜ ਲਾ ਪ੍ਰੇਰੀ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਬੁੱਧਵਾਰ ਸਵੇਰੇ ਵਾਪਰੀ ਇਸ ਘਟਨਾ ਦੌਰਾਨ ਇਕ ਪੁਲਿਸ ਅਫਸਰ ਨੇ ਦੋਸ਼ੀ ’ਤੇ ਗੋਲੀ ਚਲਾਈ। ਅਧਿਕਾਰੀਆਂ ਨੂੰ ਤੜਕੇ 3.50 ਵਜੇ ਪੋਰਟੇਜ ਲਾ ਪ੍ਰੇਰੀ ਵਿਚ ਇਕ ਕਾਰੋਬਾਰ ਵਿਚ ਇਕ ਵਿਅਕਤੀ ਦੇ ਦਾਖਲ ਹੋਣ ਪਿੱਛੋਂ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਜਦੋਂ ਪੁੱਜੀ ਤਾਂ ਸ਼ੱਕੀ ਹਾਈਵੇਅ ਇਕ ’ਤੇ ਕਾਰ ਚਲਾ ਰਿਹਾ ਸੀ। ਪੁਲਿਸ ਨੇ ਡਰਾਈਵਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਪੁਲਿਸ ਦੀ ਮੋਟਰ ਗੱਡੀ ਨੂੰ ਕਈ ਵਾਰ ਟੱਕਰ ਮਾਰੀ। ਆਰਸੀਐਮਪੀ ਨੇ ਕਿਹਾ ਕਿ ਇਕ ਅਫਸਰ ਆਪਣੀ ਕਾਰ ਵਿਚੋਂ ਨਿਕਲਣ ਵਿਚ ਸਫਲ ਰਿਹਾ ਅਤੇ ਡਰਾਈਵਰ ਨੇ ਉਸ ਵੱਲ ਨੂੰ ਆਪਣੀ ਕਾਰ ਘੁਮਾ ਦਿੱਤੀ ਤੇ ਫਿਰ ਸੜਕ ’ਤੇ ਚਲ ਪਿਆ। ਪੁਲਿਸ ਥੋੜੀ ਦੇਰ ਬਾਅਦ ਸ਼ੱਕੀ ਨੂੰ ਗ੍ਰਿਫਤਾਰ ਕਰਨ ਵਿਚ ਸਫਲ ਰਹੀ। 27 ਸਾਲਾ ਵਿਅਕਤੀ ’ਤੇ ਪੁਲਿਸ ਦਾ ਕਤਲ ਕਰਨ ਦੀ ਕੋਸ਼ਿਸ਼ ਕਰਨ ਸਮੇਤ ਕਈ ਦੋਸ਼ ਲਗਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਇਸ ਵਿਅਕਤੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਪੋਪ ਦੀ ਸਿਹਤ ਬਹੁਤ ਜ਼ਿਆਦਾ ਚਿੰਤਾ ਵਾਲੀ ਪਰ ਕੈਨੇਡੀਅਨ ਦੌਰੇ ਵਿਚ ਤਬਦੀਲੀ ਨਹੀਂ-ਮਿਲਰ

ਓਟਵਾ-ਕ੍ਰਾਊਨ-ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਪੋਪ ਦੀ ਕੈਨੇਡੀਅਨ ਯਾਤਰਾ ਵਿਚ ਇਸ ਸਮੇਂ ਤਕ ਕੋਈ ਤਬਦੀਲੀ ਨਹੀਂ ਕੀਤੀ ਪਰ ਪੋਪ ਦੀ ਸਿਹਤ ਬਹੁਤ ਚਿੰਤਾ ਵਾਲੀ ਹੈ। ਮਿਲਰ ਨੇ ਇਹ ਟਿੱਪਣੀਆਂ ਵੈਟੀਕਨ ਵਲੋਂ ਪਿਛਲੇ ਹਫਤੇ ਇਹ ਐਲਾਨ ਕਰਨ ਪਿੱਛੋਂ ਕੀਤੀਆਂ ਕਿ 85 ਸਾਲਾ ਪੋਪ ਆਪਣੇ ਗੋਡੇ ਦੀ ਚਲ ਰਹੀ ਥੈਰੈਪੀ ਵਿਚ ਵਿਘਨ ਪੈਣ ਤੋਂ ਬਚਣ ਲਈ ਅਫਰੀਕਾ ਦੀ ਯਾਤਰਾ ਨੂੰ ਮੁੜ ਨਿਰਧਾਰਤ ਕਰਨਗੇ। ਉਸ ਨੇ ਕਾਂਗੋ ਤੇ ਸਾਊਥ ਸੁਡਾਨ ਦਾ 2 ਤੋਂ 7 ਜੁਲਾਈ ਤਕ ਦੌਰਾ ਕਰਨਾ ਸੀ ਅਤੇ ਇਹ ਕੈਨੇਡਾ ਦੀ ਯਾਤਰਾ ਤੋਂ ਕੁਝ ਹਫ਼ਤੇ ਪਹਿਲਾਂ ਦਾ ਸਮਾਂ ਹੈ। ਕੈਨੇਡਾ ਵਿਚ ਪੋਪ ਨੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਕੈਥੋਲਿਕ ਚਰਚ ਦੀ ਭੂਮਿਕਾ ਲਈ ਆਦਿਵਾਸੀ ਲੋਕਾਂ ਤੋਂ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਮੁਆਫੀ ਮੰਗਣੀ ਹੈ।




# ਕੇਜਰੀਵਾਲ ਲੈ ਰਿਹੈ ਪੰਜਾਬ ਦੇ .ਫ਼ੈਸਲੇ-ਸੁਖਬੀਰ

ਸ਼ਹਿਣਾ/ਭਦੌੜ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਸੰਗਰੂਰ ਜ਼ਿਮਨੀ ਚੋਣ ਲਈ ਪਾਰਟੀ ਉਮੀਦਵਾਰ ਕਮਲਦੀਪ ਕੌਰ ਰਾਜੋਆਣਾ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਆਖਿਆ ਕਿ ਪੰਜਾਬ ਅਤੇ ਪੰਜਾਬ ਸਰਕਾਰ ਦੀ ਡੋਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਹੱਥ ਹੈ ਅਤੇ ਭਗਵੰਤ ਮਾਨ ਸਿਰਫ਼ ਨਾਮ ਦਾ ਹੀ ਮੁੱਖ ਮੰਤਰੀ ਹੈ। ਕੇਜਰੀਵਾਲ ਹੀ ਪੰਜਾਬ ਦੇ ਮਾਮਲਿਆਂ ਬਾਰੇ ਫ਼ੈਸਲੇ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪ੍ਰੋ. ਭੁੱਲਰ ਦੀ ਰਿਹਾਈ ਲਈ ਕਹਿ ਦਿੱਤਾ ਹੈ, ਪਰ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਰਿਹਾਈ ਵਾਲੀ ਫਾਈਲ ਸੱਤ ਮਹੀਨਿਆਂ ਤੋਂ ਰੋਕੀ ਹੋਈ ਹੈ। ਉਨ੍ਹਾਂ ਸਿਮਰਨਜੀਤ ਸਿੰਘ ਮਾਨ ਨਾਲ ਹੋਈ ਆਪਣੀ ਗੱਲਬਾਤ ਬਾਰੇ ਕਿਹਾ ਕਿ ਉਹ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਸ੍ਰੀ ਮਾਨ ਨੂੰ ਮਿਲੇ ਅਤੇ ਅਪੀਲ ਕੀਤੀ ਸੀ ਕਿ ਉਹ ਜ਼ਿਮਨੀ ਚੋਣ ਨਾ ਲੜਨ, ਪਰ ਉਨ੍ਹਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ।



### ਇਕ ਮੌਕਾ ਬੀਬੀ ਰਾਜੋਆਣਾ ਨੂੰ

ਸੰਗਰੂਰ-ਇਸੇ ਦੌਰਾਨ ਨੇੜਲੇ ਪਿੰਡ ਬਡਰੁੱਖਾਂ ਵਿੱਚ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੰਗਰੂਰ ਦੇ ਲੋਕਾਂ ਨੂੰ ਇਸ ਜ਼ਿਮਨੀ ਚੋਣ ਵਿੱਚ ਸਿੱਖ ਕੌਮ ਦੇ ਹੱਕ ਵਿੱਚ ਇੱਕ ਇਤਿਹਾਸਕ ਫੈ ?ਸਲਾ ਲੈਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕੰਧਾਂ 'ਤੇ ਲਿਖਿਆ ਪੜ੍ਹ ਕੇ ਹੀ ਇੱਕ ਮੌਕਾ ਕੇਜਰੀਵਾਲ ਨੂੰ ਦੇ ਦਿੱਤਾ ਹੈ ਤੇ ਹੁਣ ਇੱਕ ਮੌਕਾ ਬੰਦੀ ਸਿੰਘਾਂ ਦੀ ਰਿਹਾਈ ਲਈ ਦੇਣਾ ਜ਼ਰੂਰੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਬੰਦੀ ਸਿੰਘਾਂ ਦੇ ਪਰਿਵਾਰਾਂ 'ਚੋ ਬੀਬੀ ਕਮਲਦੀਪ ਕੌਰ ਰਾਜੋਆਣਾ ਨੂੰ ਉਮੀਦਵਾਰ ਬਣਾਉਣ ਦਾ ਫੈ ?ਸਲਾ ਸਿਮਰਨਜੀਤ ਸਿੰਘ ਮਾਨ ਨੂੰ ਛੱਡ ਕੇ ਸਮੁੱਚੀ ਕੌਮ ਦਾ ਫੈ ?ਸਲਾ ਹੈ। ਉਨ੍ਹਾਂ ਕਿਹਾ ਕਿ ਜੇਕਰ ਬੰਦੀ ਸਿੰਘਾਂ ਦੀ ਰਿਹਾਈ ਲਈ ਸਿੱਖ ਕੌਮ ਦੇ ਫੈਸਲੇ ਨੂੰ ਸਫ਼ਲ ਨਾ ਬਣਾਇਆ ਤਾਂ ਇਹ ਮੌਕਾ ਦੁਬਾਰਾ ਨਹੀਂ ਮਿਲ ਸਕੇਗਾ।

# ਘਰ ਦੇ ਬੈੱਡ 'ਚੋਂ ਮਿਲੀ ਮਾਲਕਣ ਦੀ ਲਾਸ਼-ਕਿਰਾਏਦਾਰ 'ਤੇ ਕਤਲ ਦਾ ਸ਼ੱਕ

ਫ਼ਿਰੋਜ਼ਪੁਰ-ਸ਼ਹਿਰ ਦੀ ਛੱਤੀ ਗਲੀ ਵਿਚਲੇ ਘਰ ਦੀ ਮਾਲਕਣ ਦੀ ਲਾਸ਼ ਉਸ ਦੇ ਬੈੱਡ ਵਿਚੋਂ ਬਰਾਮਦ ਹੋਈ ਹੈ। ਕਤਲ ਦਾ ਸ਼ੱਕ ਇਸ ਘਰ ਵਿਚ ਰਹਿੰਦੇ ਕਿਰਾਏਦਾਰ 'ਤੇ ਹੈ, ਜੋ ਆਪਣੀ ਪਤਨੀ ਨਾਲ ਰਹਿੰਦਾ ਸੀ। ਮ੍ਰਿਤਕਾ ਦੀ ਪਛਾਣ ਵੀਨਾ ਰਾਣੀ (65) ਵਿਧਵਾ ਚੰਦਰ ਮੋਹਨ ਵਜੋਂ ਕੀਤੀ ਗਈ ਹੈ। ਵੀਨਾ ਰਾਣੀ ਕੁਝ ਸਾਲ ਪਹਿਲਾਂ ਇਥੋਂ ਆਪਣਾ ਘਰ ਛੱਡ ਕੇ ਜਲੰਧਰ ਚਲੀ ਗਈ ਸੀ, ਉਦੋਂ ਉਸ ਦਾ ਬੇਟਾ ਲਵਲੀ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਸੀ, ਜੋ ਹੁਣ ਉਥੋਂ ਛੱਡ ਕੇ ਗੁੜਗਾਉਂ ਚਲਾ ਗਿਆ ਹੈ। ਇਸ ਘਰ ਦੇ ਉਪਰਲੇ ਹਿੱਸੇ ਵਿਚ ਉਸ ਨੇ ਕਿਰਾਏ 'ਤੇ ਦੋ ਪਰਿਵਾਰ ਬਿਠਾਏ ਹੋਏ ਸਨ। ਵੀਨਾ ਰਾਣੀ ਕਦੇ ਕਦਾਈਂ ਫ਼ਿਰੋਜ਼ਪੁਰ ਸਥਿਤ ਆਪਣੇ ਪੁਰਾਣੇ ਘਰ ਵਿਚ ਆ ਜਾਂਦੀ ਸੀ ਤੇ ਕੁਝ ਸਮਾਂ ਇਥੇ ਰਹਿੰਦੀ ਸੀ। ਹਫ਼ਤੇ ਤੋਂ ਉਹ ਇਥੇ ਆਈ ਹੋਈ ਸੀ। ਲੰਘੇ ਸੋਮਵਾਰ ਨੂੰ ਉਸ ਦਾ ਕਿਰਾਏਦਾਰ, ਜੋ ਆਪਣੀ ਪਤਨੀ ਨਾਲ ਇਥੇ ਰਹਿੰਦਾ ਸੀ, ਉਹ ਅਚਾਨਕ ਇਥੋਂ ਆਪਣਾ ਸਾਮਾਨ ਕੈਂਟਰ 'ਤੇ ਲੱਦ ਕੇ ਚਲਾ ਗਿਆ।



ਕੱਲ੍ਹ ਘਰ ਵਿਚੋਂ ਬਦਬੂ ਆਉਣ ਤੋਂ ਬਾਅਦ ਆਂਢ-ਗੁਆਂਢ ਨੇ ਪੁਲੀਸ ਨੂੰ ਸੂਚਨਾ ਦਿੱਤੀ, ਜਿਸ ਮਗਰੋਂ ਵੀਨਾ ਰਾਣੀ ਦੀ ਲਾਸ਼ ਉਸ ਦੇ ਬੈੱਡ ਵਿਚੋਂ ਬਰਾਮਦ ਹੋਈ। ਹੈਰਾਨੀਜਨਕ ਗੱਲ ਹੈ ਕਿ ਆਂਢ ਗੁਆਂਢ ਵਿਚ ਰਹਿੰਦੇ ਕਿਸੇ ਨੂੰ ਉਸ ਕਿਰਾਏਦਾਰ ਦੀ ਕੋਈ ਸੂਚਨਾ ਨਹੀਂ ਹੈ। ਪੁਲੀਸ ਨੇ ਉਸ ਦੇ ਮੋਬਾਇਲ ਫ਼ੋਨ ਦੀ ਲੋਕੇਸ਼ਨ ਤੋਂ ਉਸ ਨੂੰ ਨਜ਼ਦੀਕੀ ਪਿੰਡ ਸ਼ੇਰਖਾਂ ਤੋਂ ਕਾਬੂ ਕਰ ਲਿਆ ਹੈ। ਵੀਨਾ ਰਾਣੀ ਦਾ ਪੋਸਟਮਾਰਟਮ ਤੋਂ ਬਾਅਦ ਅੱਜ ਸਸਕਾਰ ਕਰ ਦਿੱਤਾ ਗਿਆ। ਪੁਲੀਸ ਵੱਲੋਂ ਸ਼ਹਿਰ ਵਾਸੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕਿਰਾਏਦਾਰ ਰੱਖਣ ਤੋਂ ਪਹਿਲਾਂ ਉਸ ਦੀ ਸਾਰੀ ਜਾਣਕਾਰੀ ਸਬੰਧਤ ਥਾਣੇ ਵਿਚ ਦੇਣ।







# ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਡਾ. ਬਲਕਾਰ ਸਿੰਘ ਨਾਲ ਰੂ-ਬ-ਰੂ

ਸਰੀ (ਹਰਦਮ ਮਾਨ)-ਅਰਪਨ ਲਿਖਾਰੀ ਸਭਾ, ਕੈਲਗਰੀ ਵੱਲੋਂ ਉੱਘੇ ਸਿੱਖ ਵਿਦਵਾਨ ਅਤੇ ਅਕਾਦਮਿਕ ਹਲਕਿਆਂ ਦੀ ਜਾਣੀ-ਪਛਾਣੀ ਹਸਤੀ ਡਾ. ਬਲਕਾਰ ਸਿੰਘ ਨਾਲ ਰੂਬਰੂ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਬਲਕਾਰ ਸਿੰਘ, ਕੇਸਰ ਸਿੰਘ ਨੀਰ, ਮਨਜੀਤ ਸਿੰਘ ਪਿਆਸਾ ਅਤੇ 'ਸਿੱਖ ਵਿਰਸਾ' ਮੈਗਜ਼ੀਨ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਕੀਤੀ। ਕੇਸਰ ਸਿੰਘ ਨੀਰ ਨੇ ਪ੍ਰੋ. ਬਲਕਾਰ ਸਿੰਘ ਦਾ ਸਵਾਗਤ ਕਰਨ ਉਪਰੰਤ ਉਨ੍ਹਾਂ ਦੀ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਪਰਸ਼ੀਅਨ ਦੀ ਐੱਮ.ਏ, ਪੰਜਾਬੀ ਦੀ ਐੱਮ. ਏ. ਅਤੇ ਪੀਐੱਚ. ਡੀ. ਹਾਸਲ ਕਰਨ ਵਾਲੇ ਡਾ. ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਅਨ ਵਿਭਾਗ' ਦੇ ਮੁਖੀ ਰਹੇ ਹਨ ਅਤੇ ਯੂਨੀਵਰਸਿਟੀ ਵਿੱਚ ਡੀਨ ਵਜੋਂ ਸੇਵਾਵਾਂ ਨਿਭਾਉਂਦੇ ਰਹੇ ਹਨ। ਉਹ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪਰਚਾਰ ਕਮੇਟੀ ਦੇ ਮੈਂਬਰ, ਅਕਾਲ ਤਖ਼ਤ ਸਾਹਿਬ ਦੀ ਸਲਾਹਕਾਰ ਕਮੇਟੀ ਦੇ ਵੀ ਮੈਂਬਰ ਰਹੇ ਹਨ। ਅੱਜ ਕੱਲ੍ਹ ਉਹ 'ਵਿਸ਼ਵ ਪੰਜਾਬੀ ਸੰਸਥਾ ਯੂਨੀਵਰਸਿਟੀ ਪਟਿਆਲਾ' ਦੇ ਡਾਇਰੈਕਟਰ ਹਨ। ਉਨ੍ਹਾਂ ਨੇ ਕਰੀਬ ਇੱਕ ਦਰਜਨ ਪੁਸਤਕਾਂ ਲਿਖੀਆਂ ਅਤੇ ਤਕਰੀਬਨ ਏਨੀਆਂ ਹੀ ਪੁਸਤਕਾਂ ਦੀ ਸੰਪਾਦਨਾ ਕੀਤੀ ਹੈ। ਡਾ. ਬਲਕਾਰ ਸਿੰਘ ਨੇ ਸਿੱਖ ਧਰਮ ਬਾਰੇ ਵਿਦਵਤਾ ਭਰਪੂਰ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਇੱਕ ਮਾਤਰ ਅਜਿਹੇ ਧਾਰਮਿਕ ਆਗੂ ਸਨ ਜਿਹੜੇ ਤਤਕਾਲੀ ਸੱਭਿਆਚਾਰ ਨੂੰ ਵੀ ਨਾਲ ਲੈ ਕੇ ਚੱਲੇ। ਸਿੱਖ ਧਰਮ ਪੈਰੋਕਾਰਾਂ ਨੂੰ ਸਿੱਖਿਆਰਥੀ ਬਣਾਉਂਦਾ ਹੈ। ਇਹ ਧਰਮ ਕਿਸੇ ਕਿਸਮ ਦੀ ਕੱਟੜਤਾ ਦੀ ਨਿਖੇਧੀ ਕਰਦਾ ਹੈ। ਸਿੱਖ ਸੱਭਿਆਚਾਰ ਤੋਂ ਸਮੁੱਚੇ ਪੰਜਾਬੀ ਸੱਭਿਆਚਾਰ ਨੇ ਬਹੁਤ ਕੁਝ ਲਿਆ ਹੈ, ਜਿਵੇਂ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ 'ਪੰਜਾਬ ਜਿਉਂਦਾ ਗੁਰਾਂ ਦੇ ਨਾਂ ਤੇ'। ਉਨ੍ਹਾਂ ਆਪਣੇ ਤਜਰਬੇ ਵਿੱਚੋਂ ਅਜੋਕੇ ਸਮੇਂ ਸਿੱਖ ਸੰਸਥਾਵਾਂ ਦੇ ਨਿਘਾਰ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਹੁਣ ਸਿੱਖ ਧਰਮ ਦੇ ਅਧਿਆਤਮਕ ਪੱਖ ਨੂੰ ਰਾਜਨੀਤੀਵਾਨਾਂ ਨੇ ਗੁੰਮ ਹੋਣ ਦੀ ਕਗਾਰ ਤੇ ਲਿਆ ਖੜ੍ਹਾ ਕੀਤਾ ਹੈ। ਪਰ ਨਾਲ ਹੀ ਇਹ ਵੀ ਕਿਹਾ ਕਿ ਸਿੱਖੀ ਨੂੰ ਕੋਈ ਢਾਹ ਨਹੀਂ ਲੱਗ ਸਕਦੀ। ਸਾਨੂੰ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਅੰਦਰ ਗੁਰਬਾਣੀ ਤੋਂ ਦਿਸ਼ਾ ਲੈ ਕੇ ਚੜ੍ਹਦੀ ਕਲਾ ਵੱਲ ਜਾਣ ਦੇ ਉਪਰਾਲੇ ਕਰਨ ਦੀ ਲੋੜ ਹੈ। ਉਨ੍ਹਾਂ ਸਰੋਤਿਆਂ ਵੱਲੋਂ ਗੰਭੀਰ ਮਸਲਿਆਂ ਪ੍ਰਤੀ ਕੀਤੇ ਸਵਾਲਾਂ ਦੇ ਜਵਾਬ ਦਿੱਤੇ। ਡਾ. ਜੋਗਾ ਸਿੰਘ ਸਹੋਤਾ ਨੇ ਹਰਮੋਨੀਅਮ ਦੀਆਂ ਸੁਰਾਂ 'ਤੇ ਦਸ਼ਮੇਸ਼ ਪਿਤਾ ਦੀ ਮਹਿਮਾ ਗਾਇਨ ਕਰ ਕੇ ਵਧੀਆ ਸੰਗੀਤਮਈ ਧਾਰਮਿਕ ਮਾਹੌਲ ਸਿਰਜ ਦਿੱਤਾ 'ਸਾਰਾ ਆਲਮ ਦੇਖੇਗਾ ਚਿੜੀਆਂ ਤੋਂ ਬਾਜ਼ ਤੁੜਾਵਾਂਗਾ'। ਬੁਲੰਦ ਅਵਾਜ਼ ਦੇ ਮਾਲਕ ਸੁਖਵਿੰਦਰ ਸਿੰਘ ਤੂਰ ਨੇ ਆਪਣੀ ਗਾਇਕੀ ਰਾਹੀਂ ਸਰੋਤਿਆਂ ਨੂੰ ਵਿਚਾਰ-ਮਗਨ ਕੀਤਾ 'ਨਾ ਵੰਡਣ ਨਾ ਢਾਹੁਣ ਲਈ ਲੜ, ਸਾਂਭਣ ਅਤੇ ਬਚਾਉਣ ਲਈ ਲੜ'। ਹਰਚਰਨ ਸਿੰਘ ਪਰਹਾਰ ਨੇ ਬਹੁਤ ਹੀ ਨਾਪੇ-ਤੋਲੇ ਸ਼ਬਦਾਂ ਰਾਹੀਂ ਸਿੱਖ ਧਰਮ ਦੇ ਮੁੱਦਿਆਂ ਬਾਰੇ ਸਕਾਰਆਤਮਿਕ ਵਿਚਾਰ ਰੱਖਦਿਆਂ ਡੇਰਾਵਾਦ ਬਾਰੇ ਵਿਸ਼ਲੇਸ਼ਣਾਤਮਿਕ ਪੱਖ ਪੇਸ਼ ਕੀਤਾ। ਪਰਹਾਰ ਨੇ ਉਦਾਹਰਣਾਂ ਦੇ ਕੇ ਦੱਸਿਆ ਕਿ ਕਿਵੇਂ ਆਮ ਲੋਕ ਗੁਰਦੁਆਰਿਆਂ ਅੰਦਰ ਸਿੱਖੀ ਨੂੰ ਸੀਮਿਤ ਕਰਨ ਵਾਲੀ ਨੀਤੀ ਤੋਂ ਨਿਰਾਸ਼ ਹੋ ਕੇ ਡੇਰਿਆਂ ਵੱਲ ਪ੍ਰੇਰਿਤ ਹੋ ਜਾਂਦੇ ਹਨ। ਉਨ੍ਹਾਂ ਡਾ. ਬਲਕਾਰ ਸਿੰਘ ਦੇ ਕਈ ਨੁਕਤਿਆਂ ਨੂੰ ਆਪਣੇ ਸ਼ਬਦਾਂ ਰਾਹੀਂ ਹੋਰ ਸਪਸ਼ਟ ਕੀਤਾ। ਜਗਦੇਵ ਸਿੰਘ ਸਿੱਧੂ ਵੱਲੋਂ ਸਿੱਖ ਧਰਮ ਉੱਪਰ ਸਿਆਸਤ ਅਤੇ ਧਰਮ ਪ੍ਰਚਾਰ ਦੇ ਦੀਆਂ ਸਮਸਿਆਵਾਂ ਬਾਰੇ ਸਵਾਲ ਉਠਏ। ਸਤਨਾਮ ਸਿੰਘ ਢਾਅ ਅਤੇ ਕਵਿੱਤਰੀ ਸੁਰਿੰਦਰ ਗੀਤ ਨੇ ਮਿਸਾਲਾਂ ਦੇ ਕੇ ਡੇਰਾਵਾਦ ਦੀ ਗੰਭੀਰ ਸਮੱਸਿਆ ਵੱਲ ਧਿਆਨ ਦਿਵਾਇਆ। ਜਸਵੰਤ ਸਿੰਘ ਸੇਖੋਂ ਨੇ ਕਿਸਾਨ ਅੰਦੋਲਨ ਸਮੇਂ ਗੋਲਡਨ ਹੱਟ ਵਾਲੇ ਰਾਮ ਸਿੰਘ ਰਾਣਾ ਦੀ ਕੀਤੀ ਕਰਬਾਨੀ ਨੂੰ ਔੜਾ ਛੰਦ ਵਿੱਚ ਬਿਆਨ ਕੀਤਾ। ਦੂਜੀ ਕਵਿਤਾ ਸਿੱਖ ਪੰਥ ਦੀ ਮਹਾਨ ਹਸਤੀ ਬੀਬੀ ਨਿਰੰਜਣੀ ਜੀ ਬਾਰੇ ਡਿਉਢਾ ਛੰਦ ਰਾਹੀਂ ਕਵੀਸ਼ਰੀ ਪੇਸ਼ ਕਰ ਕੇ ਧੰਨ-ਧੰਨ ਕਰਵਾ ਦਿੱਤੀ। ਕੇਸਰ ਸਿੰਘ ਦੀ ਉਚਾਰੀ ਗ਼ਜ਼ਲ ਨੇ ਸਰਿਆਂ ਨੇ ਖ਼ੂਬ ਮਾਣਿਆਂ 'ਜਿਨ੍ਹਾਂ ਦੇ ਸਿਰ ਕਾਮਲ ਨੇ ਉਹ ਘਬਰਾਇਆ ਨਹੀਂ ਕਰਦੇ'। ਪਰਮਜੀਤ ਭੰਗੂ ਨੇ ਇਨਕਲਾਬੀ ਗੀਤ ਪੇਸ਼ ਕਰ ਕੇ ਖ਼ੂਬ ਦਾਦ ਲਈ। ਜੈਪਾਲ ਸਿੰਘ ਰਾਣਾ ਦੇ ਹਲਕੇ ਲਹਿਜ਼ੇ ਨੇ ਆਪਣਾ ਵੱਖਰਾ ਅਸਰ ਛੱਡਿਆ। ਅਰਪਨ ਲਿਖਾਰੀ ਸਭਾ ਦੀ ਕਾਰਜਕਾਰਨੀ ਵੱਲੋਂ ਬਲਕਾਰ ਸਿੰਘ ਨੂੰ ਯਾਦਗਾਰੀ ਪਲੈਕ ਅਰਪਿਤ ਕਰ ਕੇ ਸਨਮਾਨਿਤ ਕੀਤਾ ਗਿਆ। ਸਕੱਤਰ ਜਸਵੰਤ ਸਿੰਘ ਸੇਖੋਂ ਨੇ ਜਿੱਥੇ ਬਾ-ਖ਼ੂਬੀ ਮੀਟਿੰਗ ਦਾ ਸੰਚਾਲਨ ਕੀਤਾ, ਉੱਥੇ ਆਪਣੀ ਪੁਸਤਕ 'ਪਿਆਰੇ ਸੇਖੋਂ' ਡਾ. ਸਾਹਿਬ ਨੂੰ ਸਤਿਕਾਰ ਸਹਿਤ ਭੇਟ ਕੀਤੀ। ਅਖ਼ੀਰ ਵਿਚ ਸਤਨਾਮ ਸਿੰਘ ਢਾਅ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿੱਚਰਵਾਰ, 18 ਜੂਨ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com



# ਪ੍ਰੋਫੈਸਰ ਅਵਤਾਰ ਸਿੰਘ ਵਿਰਦੀ ਦੁਆਰਾ ਕੈਂਸਰ ਜਾਗਰੂਕਤਾ ਤੇ ਖੋਜ ਲਈ .ਫੰਡ ਇਕੱਠਾ ਕਰਨ ਦੀ ਮੁਹਿੰਮ ਤਹਿਤ ਕੈਨੇਡਾ ਵਾਕ ਸ਼ੁਰੂ

ਸਰੀ-ਕੈਂਸਰ ਜਿਹੀ ਨਾਮੁਰਾਦ ਬੀਮਾਰੀ ਨੂੰ 2 ਵਾਰ ਮਾਤ ਦੇਣ ਤੋਂ ਬਾਅਦ ਪ੍ਰੋ ਅਵਤਾਰ ਸਿੰਘ ਵਿਰਦੀ ਕੈਂਸਰ ਜਾਗਰੂਕਤਾ ਤੇ ਖੋਜ ਲਈ ਫ਼ੰਡ ਇਕੱਠਾ ਕਰਨ ਦੀ ਮੁਹਿਮ ਤਹਿਤ ਕੈਨੇਡਾ ਵਾਕ ਸ਼ੁਰੂ ਕਰ ਦਿੱਤੀ ਹੈ। ਬੀਤੀ 14 ਜੂਨ ਨੂੰ ਗੁਰੂਦੁਆਰਾ ਸਾਹਿਬ ਦੁੱਖ ਨਿਵਾਰਨ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਉਹ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ, ਪ੍ਰਦੇਸ਼ਾਂ ਤੋਂ ਹੁੰਦੇ ਹੋਏ ਫ਼ੰਡ ਇਕੱਠਾ ਕਰਨ ਤੋਂ ਬਾਅਦ ਫਿਰ ਸਰੀ ਵਾਪਿਸ ਪਰਤਣਗੇ। ਇਸ ਮੌਕੇ ਪ੍ਰੋਫੈਸਰ ਵਿਰਦੀ ,ਜਤਿੰਦਰ ਜੇ ਮਿਨਹਾਸ, ਨੇ ਗੁਰੂਦੁਆਰਾ ਸਾਹਿਬ ਦੁਆਰਾ, ਸੰਗਤ ਤੇ ਮੀਡਿਆ ਇਸ ਮੁਹਿਮ ਲਈ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਨੋਰਿਸ, ਜਤਿੰਦਰ ਜੇ ਮਿਨਹਾਸ, ਇੰਦਰਜੀਤ ਬੈਂਸ, ਬਲਦੇਵ ਸਿੰਘ ਬਾਠ ਗੁਰੂਦੁਆਰਾ ਸਾਹਿਬ ਦੇ ਭਾਈ ਸਾਹਿਬ ਨਰਿੰਦਰ ਸਿੰਘ, ਗੁਰਵਿੰਦਰ ਸਿੰਘ ਭੱਟੀ, ਹਾਜ਼ਿਰ ਸਨ। ਪ੍ਰੋਫੈਸਰ ਵਿਰਦੀ ਤੇ ਜਤਿੰਦਰ ਜੇ ਮਿਨਹਾਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿਮ ਵਿਚ ਜਿਆਦਾ ਯੋਗਦਾਨ ਪਾਉਣ, ਉਹਨਾਂ ਕਿਹਾ ਉਹ ਫੰਡ ਦਾਨ ਦੇਣ ਲਈ ਤੇ ਵਿਰਦੀ ਸਾਹਿਬ ਨਾਲ 604 -725-3340 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਕੈਂਸਰ ਜਾਗਰੂਕਤਾ ਤੇ ਖੋਜ ਲਈ ਫੰਡ ਇਕੱਠਾ ਕਰਨ ਦਾ ਸੰਦੇਸ਼ ਦਿੰਦੀ ਟੀ ਸ਼ਰਟ ਵੀ ਜਾਰੀ ਕੀਤੀ ਗਈ। ਪ੍ਰੋਫੈਸਰ ਵਿਰਦੀ ਨੇ ਕਿਹਾ ਕੇ ਸਾਨੂੰ ਇਸ ਬਿਮਾਰੀ ਤੋਂ ਘਬਰਾਉਣਾ ਨਹੀਂ ਚਾਹੀਦਾ ,ਉਹਨਾਂ ਕਿਹਾ ਕੇ ਸਾਨੂੰ ਸ਼ਰੀਰਕ ਤੇ ਮਾਨਸਿਕ ਤੋਰ ਤੇ ਇਸ ਬਿਮਾਰੀ ਨਾਲ ਲੜਨ ਲਈ ਤਿਆਰ ਰਹਿਣਾ ਚਾਹੀਦਾ ਹੈ, ਉਹਨਾਂ ਦਸਿਆ ਕਿ ਜਦੋ ਉਹ ਇਸ ਬਿਮਾਰੀ ਨਾਲ ਲੜ ਰਹੇ ਸੀ , ਤਾ ਰੋਜ਼ਾਨਾ ਪ੍ਰਮਾਤਮਾ ਦਾ ਸਿਮਰਨ ਕਰਦੇ ਸਨ। ਉੱਘੇ ਸਮਾਜ ਸੇਵਕ ,ਜਤਿੰਦਰ ਜੇ ਮਿਨਹਾਸ ,ਭਾਈ ਸਾਹਿਬ ਨਰਿੰਦਰ ਸਿੰਘ ,ਫਿਲਮ ਪ੍ਰੋਡਿਉਸਰ ਇੰਦਰਜੀਤ ਬੈਂਸ ,ਬਸੰਤ ਮੋਟਰਜ਼ ਤੋਂ ਬਲਦੇਵ ਸਿੰਘ ਬਾਠ ਨੇ ਸੰਗਤ ਤੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਉਹ ਵੱਧ ਤੂੰ ਵੱਧ ਇਸ ਸੇਵਾ ਵਿਚ ਯੋਗਦਾਨ ਪਾਉਣ। ਸੰਗਤਾਂ ਤੇ ਮੀਡਿਆ ਨੇ ਪ੍ਰੋਡਫੈਸਰ ਵਿਰਦੀ ਨੂੰ ਇਸ ਨੇਕ ਕਾਰਜ ਲਈ ਸ਼ੁਬਕਾਮਨਾਵਾਂ ਦਿਤੀਆਂ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**9860 HUCKLEBERRY DRIVE**




Luxury living at its finest; this mesmerizing 3600 sqft home sits on a pristine 3700 sqft lot situated in one of the most desirable subdivisions in Fraser Heights. This custom-built property has great accessibility to Highway One and is located in close proximity to the highly esteemed Pacific Academy. ??With 4 spacious bedrooms & 3 bathrooms, this home is equipped with an exquisite kitchen/spice kitchen with stainless steel appliances and quartz countertops throughout. Furthermore, this property boasts two impressive basement suites.?? Undeniably an entertainer's dream, with a purpose-built theatre room and bar, you will be able to cherish those life-long moments shared with family and friends. ?? Do not miss out, this one will not last!

**#509 13399 104 AVENUE**




**$479,900**

D'Corize, Surrey Central! This stunning concrete high-rise comes with first-class amenities. Located in close proximity to the Skytrain, SFU, recreational facilities, and amazing shopping centers. This building offers secure underground resident and visitor parking, bike storage, gym/exercise room with change rooms, theatre room, clubhouse, a large patio for your outdoor activities, and a beautiful entrance with a waiting area. With wall-to-wall windows, this 5th-floor unit has a beautiful balcony. This complex permits 1 pet as well rentals - great for both investors & owner-occupiers. Call today!


Sunny Sangha
**604-356-5555**

SUNNY SANGHA
Personal Real Estate Corporation

CENTURY 21 Coastal Realty Ltd.

Ram Johal
**604-356-5555**


www.sunnysangha.com | info@sunnysangha.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY

LAW CORPORATION

www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

**Google**

**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER

SURREY OFFICE: 7164, 120 ST, SURREY ***(BY APPOINTMENT PLEASE)***

Email: cedric_hughes@hughesco.com

***AND*** *Service provided at Business Centres throughout the Fraser Valley and British Columbia.*

***Remote Location? No Problem. We will come to you !***

# TRANSource FREIGHTWAYS

# Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604–808–9805**

**Email:safety@transourcefreightways.com**





# ਪ੍ਰੋ: ਸੋਹੀ ਦੀ ਪੁਸਤਕ 'ਰਿਸ਼ਤਿਆ ਦਾ ਤਾਣਾ ਬਾਣਾ' ਦਾ ਲੋਕ ਅਰਪਣ

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵੱਲੋ ਪ੍ਰੋ. ਹਰਿੰਦਰ ਕੌਰ ਸੋਹੀ ਦੀ ਨਵ ਪ੍ਰਕਾਸ਼ਿਤ ਪੁਸਤਕ ਰਿਸ਼ਤਿਆ ਦਾ ਤਾਣਾ ਬਾਣਾ ਰਿਲੀਜ਼ ਕਰਨ ਲਈ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਵਿਖੇ ਇਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਸਮਾਰੋਹ ਦਾ ਆਗਾਜ਼ ਸੀਨੀਅਰ ਸਿਟੀਜ਼ਨ ਸੈਂਟਰ ਦੇ ਸਕੱਤਰ ਹਰਚੰਦ ਸਿੰਘ ਗਿੱਲ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਪਰੰਤ ਸੁਰਜੀਤ ਮਾਧੋਪੁਰੀ ਨੇ ਪੁਸਤਕ ਵਿੱਚੋਂ ਭੈਣ-ਭਰਾ ਦੇ ਰਿਸ਼ਤੇ ਸੰਬਧੀ ਕੁਝ ਟੱਪੇ ਆਪਣੀ ਬੁਲੰਦ ਆਵਾਜ਼ ਵਿਚ ਪੇਸ਼ ਕੀਤੇ। ਇਸ ਸਮਾਰੋਹ ਵਿਚ ਪੁੱਜੇ ਨਾਮਵਰ ਵਿਦਵਾਨ ਡਾ. ਰਘਬੀਰ ਸਿੰਘ ਸਿਰਜਣਾ, ਡਾ. ਸਾਧੂ ਸਿੰਘ, ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਪ੍ਰੋ. ਕਸ਼ਮੀਰਾ ਸਿੰਘ, ਬਹੁਪੱਖੀ ਸਾਹਿਤਕਾਰ ਡਾ. ਗੁਰਮਿੰਦਰ ਸਿੱਧੂ, ਸੁਰਜੀਤ ਮਾਧੋਪੁਰੀ, ਡਾ. ਪ੍ਰਿਥੀਪਾਲ ਸਿੰਘ ਸੋਹੀ, ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਰੁਪਿੰਦਰ ਰੂਪੀ ਤੇ ਬਲਦੇਵ ਸਿੰਘ ਬਾਠ (ਬਸੰਤ ਮੋਟਰਜ਼) ਨੇ ਪੁਸਤਕ ਰਿਸ਼ਤਿਆ ਦਾ ਤਾਣਾ ਬਾਣਾ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ। ਪੁਸਤਕ ਉਪਰ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਇਸ ਪੁਸਤਕ ਵਿਚ ਹਰਿੰਦਰ ਸੋਹੀ ਨੇ ਗੀਤਾਂ, ਬੋਲੀਆਂ, ਟੱਪਿਆਂ ਦੇ ਹਵਾਲਿਆਂ ਰਾਹੀਂ ਪੰਜਾਬੀ ਸਮਾਜ ਦੇ ਰਿਸ਼ਤਿਆਂ ਦੀ ਪਵਿੱਤਰਤਾ ਅਤੇ ਨਿੱਘ ਨੂੰ ਬਾਖੂਬੀ ਪੇਸ਼ ਕੀਤਾ ਹੈ ਅਤੇ ਇਨ੍ਹਾਂ ਦੀ ਸਦੀਵੀ ਸਾਂਝ ਦੀ ਕਾਮਨਾ ਕੀਤੀ ਹੈ। ਡਾ. ਸਾਧੂ ਸਿੰਘ, ਡਾ. ਰਘਬੀਰ ਸਿੰਘ ਸਿਰਜਣਾ, ਪ੍ਰੋ ਕਸ਼ਮੀਰਾ ਸਿੰਘ, ਡਾ. ਪ੍ਰਿਥੀਪਾਲ ਸਿੰਘ ਸੋਹੀ, ਮੀਰਾ ਗਿੱਲ, ਮਨਜੀਤ ਕੌਰ ਕੰਗ, ਕਮਲਜੀਤ ਕੌਰ, ਉਘੇ ਕਲਾਕਾਰ ਰਣਬੀਰ ਰਾਣਾ ਨੇ ਪੁਸਤਕ ਉਪਰ ਚਰਚਾ ਕਰਦਿਆਂ ਇਸ ਨੂੰ ਲੋਕ ਸਾਹਿਤ ਦੀ ਨਿੱਗਰ ਅਤੇ ਸਾਂਭਣਯੋਗ ਰਚਨਾ ਦੱਸਿਆ। ਕਮਲਜੀਤ ਕੌਰ ਤੇ ਡਾ. ਕੁਲਦੀਪ ਸਿੰਘ ਕੰਬੋ ਦੇ ਨਾਲ ਉਹਨਾਂ ਦੇ ਦੋ ਛੋਟੇ ਬੱਚਿਆਂ ਨੇ ਨਵ ਪ੍ਰਕਾਸ਼ਿਤ ਪੁਸਤਕ ਬਾਰੇ ਆਪਣੇ ਮਨੋਭਾਵ ਸਾਂਝੇ ਕੀਤੇ। ਇਸ ਮੌਕੇ ਪੁਸਤਕ ਦੀ ਲੇਖਿਕਾ ਪ੍ਰੋ. ਹਰਿੰਦਰ ਸੋਹੀ ਨੇ ਇਸ ਪੁਸਤਕ ਦੀ ਪਿੱਠਭੂਮੀ, ਇਸ ਦੇ ਵਿਸ਼ਾ ਵਸਤੂ ਅਤੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਕੁਝ ਬੋਲੀਆਂ ਤੇ ਟੱਪੇ ਵੀ ਗਾ ਕੇ ਸੁਣਾਏ। ਰੁਪਿੰਦਰ ਰੂਪੀ ਖਹਿਰਾ ਨੇ ਵੀ ਪੁਸਤਕ ਵਿਚਲੀ ਇਕ ਰਚਨਾ ਨੂੰ ਆਪਣੇ ਸੁਰੀਲੇ ਸੁਰ ਦਿੱਤੇ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ, ਸੁਰਜੀਤ ਕਲਸੀ, ਬਿੱਕਰ ਸਿੰਘ ਖੋਸਾ, ਕ੍ਰਿਸ਼ਨ ਭਨੋਟ, ਸੁਰਿੰਦਰ ਸਿੰਘ ਜੱਬਲ, ਹਰਸ਼ਰਨ ਕੌਰ, ਇੰਦਰਜੀਤ ਧਾਮੀ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਸੁਰਿੰਦਰ ਚਾਹਲ, ਹਰਦਮ ਸਿੰਘ ਮਾਨ, ਸੁਖਵਿੰਦਰ ਸਿੰਘ ਚੋਹਲਾ, ਸ਼ਾਹਗੀਰ ਗਿੱਲ, ਕੁਲਦੀਪ ਗਿੱਲ, ਰਣਜੋਧ ਸਿੰਘ ਧਾਲੀਵਾਲ, ਅਮਰਜੀਤ ਸਿੰਘ ਭੁੱਲਰ, ਜਲੰਧਰ ਸਿੰਘ, ਜਸਬੀਰ ਕੌਰ ਮਾਨ, ਨਿਰਮਲ ਕੌਰ ਗਿੱਲ, ਦਵਿੰਦਰ ਕੌਰ ਜੌਹਲ, ਚਮਕੌਰ ਸਿੰਘ ਸੇਖੋਂ, ਇੰਦਰਪਾਲ ਸੰਧੂ, ਖੁਸ਼ਹਾਲ ਸਿੰਘ ਗਲੋਟੀ, ਡਾ. ਬਲਦੇਵ ਸਿੰਘ ਖਹਿਰਾ, ਮੇਜਰ ਸਿੰਘ ਮਾਂਗਟ, ਅਮਰੀਕ ਪਲਾਹੀ, ਕਵਿੰਦਰ ਚਾਂਦ, ਰਾਜਵੰਤ ਸਿੰਘ ਚਿਲਾਣਾ, ਮਾਸਟਰ ਅਮਰੀਕ ਸਿੰਘ, ਮਨਜੀਤ ਸਿੰਘ ਮੱਲ੍ਹਾ, ਮੋਹਨ ਬਚੜਾ, ਦਵਿੰਦਰ ਕੌਰ ਬਚੜਾ, ਹਰਿੰਦਰਜੀਤ ਸਿੰਘ ਸੰਧੂ, ਹਰਜਿੰਦਰ ਢਿੱਲੋਂ ਠਾਣਾ, ਗੁਰਦਰਸ਼ਨ ਬਾਦਲ ਸ਼ਾਮਲ ਹੋਏ। ਅੰਤ ਵਿਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਵਿਚ ਹਾਜਰ ਮਹਿਮਾਨਾਂ, ਵਿਦਵਾਨਾਂ ਅਤੇ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ।








# ਸੰਯੁਕਤ ਰਾਸ਼ਟਰ ਦੇ ਨਵ-ਨਿਯੁਕਤ ਡਿਜ਼ੀਟਲ ਸਫ਼ੀਰ-ਡਾ. ਅਮਨਦੀਪ ਸਿੰਘ ਗਿੱਲ

ਟੋਰਾਂਟੋ-ਸਮੂਹ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਦੇ ਲਈ ਇਹ ਬਹੁਤ ਹੀ ਮਾਣ-ਭਰਪੂਰ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਅਤੇ ਸਕੱਤਰ-ਜਨਰਲ ਐਨਟੋਨੀਓ ਬੁਤਰਸ ਨੇ ਪੰਜਾਬੀ-ਮੂਲ ਦੇ ਸਾਇੰਸਦਾਨ-ਕੂਟਨੀਤਕ ਡਾ. ਅਮਨਦੀਪ ਸਿੰਘ ਗਿੱਲ ਨੂੰ ਆਪਣਾ ਤਕਨਾਲੋਜੀਕਲ-ਰਾਜਦੂਤ (ਐਨਵੁਆਇ ਔਨ ਤਕਨੌਲੌਜੀ) ਨਿਯੁੱਕਤ ਕੀਤਾ ਹੈ। ਡਾ. ਗਿੱਲ ਸੰਯੁਕਤ-ਰਾਸ਼ਟਰ ਮੁਖੀ ਦੇ ਡਿਜਿਟਲ ਕੋ-ਓਪਰੇਸ਼ਨ ਦੇ ਵਿਸ਼ਵ ਪ੍ਰੋਗਰਾਮਾਂ ਵਿੱਚ ਤਾਲਮੇਲ ਦੇ ਕੰਮਾਂ ਦੀ ਨਿਗਰਾਨੀ ਕਰਨਗੇ। ਅੱਜ ਜਦ ਸੰਸਾਰ ਆਰਟੀਫੀਸ਼ੀਅਲ ਇੰਟੈਲੀਜੈਂਸ, ਕੰਪਿਊਟਰਾਂ ਅਤੇ ਡਰੋਨਾਂ ਰਾਹੀਂ ਲੜੇ ਜਾਣ ਵਾਲ਼ੇ ਨਿਊਕਲਾਈ ਮਹਾਂ-ਯੁੱਧ ਦੇ ਕਿਨਾਰੇ 'ਤੇ ਖੜ੍ਹਾ ਹੈ ਤਾਂ ਇਸ ਅਹੁਦੇ ਦੀ ਮਹਾਨਤਾ ਅਤੇ ਜ਼ਿੰਮੇਵਾਰੀ ਬਹੁਤ ਹੀ ਵੱਧ ਗਈ ਹੈ। ਖਾਸ ਕਿਸਮ ਦੇ ਇਸ ਉੱਚ-ਅਹੁਦੇ ਲਈ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਨ ਵਾਲ਼ੇ ਉਹ ਸਾਰੇ ਸੰਸਾਰ ਦੇ ਚੋਣਵੇਂ ਵਿਗਿਆਨੀਆਂ ਵਿੱਚੋਂ ਹਨ ਜਿਹੜੇ ਖ਼ੁਦ ਇੱਕ ਪੇਸ਼ਾਵਰ ਕੂਟਨੀਤਕ ਵੀ ਹੋਣ। ਅਮਨਦੀਪ ਸਿੰਘ ਗਿੱਲ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ. ਟੈੱਕ. ਦੀ ਡਿਗਰੀ ਹਾਸਲ ਕੀਤੀ ਅਤੇ 1992 'ਚ ਭਾਰਤੀ ਵਿਦੇਸ਼ ਸੇਵਾ (ਇੰਡੀਅਨ ਫੌਰਿਇਨ ਸਰਵਿਸ) ਵਿੱਚ ਦਾਖ਼ਲ ਹੋਏ। ਉਨ੍ਹਾਂ ਦਾ ਬਹੁਤਾ ਸੇਵਾ-ਕਾਲ ਸੰਯੁਕਤ-ਰਾਸ਼ਟਰ ਵਿੱਚ ਹੀ ਗੁਜਰਿਆ ਜਿਸ ਦੌਰਾਨ ਉਨ੍ਹਾਂ ਨੇ ਕਿੰਗਜ ਕਾਲਜ ਲੰਡਨ ਤੋਂ ਨਿਊਕਲੀਅਰ ਸਾਇੰਸ ਵਿੱਚ ਪੀ.ਐੱਚ.ਡੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਦੀ ਪੜ੍ਹਾਈ ਦੀਆਂ ਕਿਸਮਾਂ ਅਤੇ ਹੋਰ ਪ੍ਰਾਪਤੀਆਂ ਨੂੰ ਸਮਝਣਾ ਸਾਡੇ ਵਰਗਿਆਂ ਦੇ ਵੱਸ ਦੀ ਗੱਲ ਨਹੀਂ ਹੈ। ਇਸ ਸਬੰਧ 'ਚ ਸੰਯੁਕਤ ਰਾਸ਼ਟਰ ਵੱਲੋਂ ਉਨ੍ਹਾਂ ਦੀ ਨਿਯੁੱਕਤੀ ਵਕਤ ਜਾਰੀ ਕੀਤਾ ਬਿਆਨ ਪੜ੍ਹ ਲੈਣਾ ਹੀ ਕਾਫ਼ੀ ਹੋਵੇਗਾ।



ਵਿਸ਼ਵ ਦੇ ਚੋਟੀ ਦੇ ਡਿਜਿਟਲ ਤਕਨਾਲੋਜੀ ਮਾਹਿਰ ਹੋਣ ਸਦਕਾ ਉਹ ਇਸ ਅਹੁਦੇ 'ਤੇ ਆਪਣਾ ਵਿਸ਼ਾਲ ਅਤੇ ਬਹੁ-ਪੱਖੀ ਗਿਆਨ ਨਾਲ਼ ਲੈ ਕੇ ਆਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਕਿ ਉਨ੍ਹਾਂ ਕੋਲ਼ ਤੇਜ਼ੀ ਨਾਲ਼ ਬਦਲ ਰਹੀ ਇਸ ਤਕਨਾਲੋਜੀ ਦੀ ਜ਼ਿੰਮੇਵਾਰਾਨਾ ਅਤੇ ਸਰਬ-ਸਾਂਝੀਵਾਲਤਾ ਨਾਲ਼ ਸਦ-ਵਰਤੋਂ ਕਰਨ ਦੀ ਸਟੀਕ ਸੂਝ ਅਤੇ ਸਹਿਜ-ਭਾਵਨਾ ਹੈ। ਆਪਣੇ ਖੇਤਰ ਵਿੱਚ ਉਨ੍ਹਾਂ ਨੂੰ ਭਵਿੱਖ ਦੇ ਮਿ. ਨਰਿੰਦਰ ਸਿੰਘ ਕਪਾਨੀ (ਫਾਈਬਰ ਔਪਟਿਕਸ ਵਾਲ਼ੇ) ਕਿਹਾ ਜਾ ਸਕਦਾ ਹੈ।

# ਉਮਾ ਭਾਰਤੀ ਨੇ ਸ਼ਰਾਬ ਦੀ ਦੁਕਾਨ ਉਤੇ ਗੋਹਾ ਜਾ ਸੁੱਟਿਆ

ਨਿਵਾੜੀ-ਸ਼ਰਾਬਬੰਦੀ ਬਾਰੇ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਦੇ ਤੇਵਰ ਤਿੱਖੇ ਬਣੇ ਹੋਏ ਹਨ। ਉਸ ਨੇ ਪਹਿਲਾਂ ਸ਼ਰਾਬ ਦੀ ਦੁਕਾਨ ਉੱਤੇ ਪੱਥਰ ਸੁੱਟਿਆ ਤੇ ਕੱਲ੍ਹ ਬੁੰਦੇਲਖੰਡ ਦੀ ਅਯੁੱਧਿਆ ਕਹੇ ਜਾਣ ਵਾਲੇ ਨਿਵਾੜੀ ਜ਼ਿਲ੍ਹੇ ਦੇ ਓਰਛਾ ਵਿੱਚ ਸ਼ਰਾਬ ਦੀ ਦੁਕਾਨ ਉੱਤੇ ਗਾਂ ਦਾ ਗੋਹਾ ਸੁੱਟਿਆ ਹੈ। ਮਾਮਲਾ ਨਿਵਾੜੀ ਜ਼ਿਲ੍ਹੇ ਵਿੱਚ ਸਥਿਤ ਰਾਮ ਦੀ ਨਗਰੀ ਓਰਛਾ ਦਾ ਹੈ। ਇੱਥੇ ਉਮਾ ਭਾਰਤੀ ਬੀਤੇ ਦਿਨੀਂ ਦਰਸ਼ਨ ਕਰਨ ਗਈ ਤਾਂ ਇਸੇ ਦੌਰਾਨ ਉਸ ਨੂੰ ਰਸਤੇ ਵਿੱਚ ਸ਼ਰਾਬ ਦੀ ਦੁਕਾਨ ਦਿੱਸ ਪਈ ਤਾਂ ਉਨ੍ਹਾਂ ਨੇ ਉਸ ਦੁਕਾਨ ਉੱਤੇ ਗੋਹਾ ਸੁੱਟਿਆ। ਇਸ ਮਾਮਲੇ ਨੇ ਭੋਪਾਲ ਵਿੱਚ ਸ਼ਰਾਬ ਦੀ ਦੁਕਾਨ ਉੱਤੇ ਪੱਥਰ ਚਲਾਉਣ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ। ਉਮਾ ਭਾਰਤੀ ਨੇ ਖ਼ੁਦ ਟਵੀਟ ਕਰ ਕੇ ਲਿਖਿਆ ਹੈ ਕਿ ਮੈਨੂੰ ਅੱਜ ਇੱਕ ਦੁਖਦਾਈ ਜਾਣਕਾਰੀ ਮਿਲੀ ਕਿ ਅਯੁੱਧਿਆ ਦੇ ਬਰਾਬਰ ਪਵਿੱਤਰ ਮੰਨੀ ਜਾਣ ਵਾਲੀ ਓਰਛਾ ਨਗਰੀ ਵਿੱਚ ਜਦ ਰਾਮ ਨੌਮੀ ਉੱਤੇ ਦੀਪਮਾਲਾ ਹੋਈ, ਪੰਜ ਲੱਖ ਦੀਵੇ ਜਗਾਏ, ਤਦ ਵੀ ਇਹ ਸ਼ਰਾਬ ਦੀ ਦੁਕਾਨ ਉਸ ਪਵਿੱਤਰ ਦਿਨ ਉੱਤੇ ਖੁੱਲ੍ਹੀ ਹੋਈ ਸੀ। ਉਨ੍ਹਾਂ ਨੇ ਲਿਖਿਆ, ਅੱਜ ਜਦ ਮੈਂ ਕੁਝ ਲੋਕਾਂ ਤੋਂ ਪੁੱਛਿਆ ਕਿ ਇਹ ਤੁਹਾਡੀ ਕਿੱਦਾਂ ਦੀ ਰਾਮ ਭਗਤੀ ਹੈ ਕਿ ਰਾਮ ਨਗਰੀ ਦੇ ਦਰਵਾਜ਼ੇ ਉੱਤੇ ਆਉਂਦੇ ਜਾਂਦੇ ਸੈਲਾਨੀਆਂ ਨੂੰ ਸ਼ਰਾਬ ਪੀਣ ਦਾ ਸੱਦਾ ਦਿੱਤਾ ਜਾ ਰਿਹਾ ਹੈ ਤਾਂ ਮੈਨੂੰ ਜਾਣਕਾਰੀ ਮਿਲੀ ਕਿ ਸਾਡੀ ਵਿਚਾਰਧਾਰਾ ਨਾਲ ਜੁੜੇ ਸਾਰੇ ਸੰਗਠਨਾਂ ਦੇ ਲੋਕਾਂ ਨੇ ਇਸ ਦੁਕਾਨ ਨੂੰ ਬੰਦ ਕਰਨ ਲਈ ਧਰਨਾ ਪ੍ਰਦਰਸ਼ਨ ਕੀਤੇ ਸਨ, ਫਿਰ ਵੀ ਦੁਕਾਨ ਖੁੱਲ੍ਹ ਗਈ। ਰਾਮ ਨੌਮੀ ਉੱਤੇ ਵੀ ਖੁੱਲ੍ਹੀ ਸੀ, ਅੱਜ ਵੀ ਖੁੱਲ੍ਹੀ ਹੋਈ ਹੈ ਮੈਨੂੰ ਆਪਣੇ ਆਪ ਉੱਤੇ ਸ਼ਰਮ ਆ ਰਹੀ ਹੈ। ਦੁਕਾਨ ਉੱਤੇ ਗੋਹਾ ਸੁੱਟਣ ਦਾ ਜ਼ਿਕਰ ਕਰਦੇ ਹੋਏ ਉਮਾ ਭਾਰਤੀ ਨੇ ਲਿਖਿਆ, ਪਵਿੱਤਰ ਗਊਸ਼ਾਲਾ ਦੀ ਗਾਂ ਦਾ ਥੋੜ੍ਹਾ ਜਿਹਾ ਗੋਹਾ ਮੈਂ ਸ਼ਰਾਬ ਦੀ ਦੁਕਾਨ ਉੱਤੇ ਛਿੜਕ ਦਿੱਤਾ ਹੈ, ਮੈਂ ਭੋਪਾਲ ਪਹੁੰਚ ਕੇ ਇਸ ਵਿਸ਼ੇ ਉੱਤੇ ਸਾਰਿਆਂ ਨਾਲ ਸੰਪਰਕ ਕਰਾਂਗੀ।





FOR BUYING OR SELLING
any kind of Property, Count on my many years of Expert Experience
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com

COMMERCIAL LAND ON BUSY HIGHWAY IN MISSION
5 Acres Commercial land (flat) on the Busy Highway in Mission. CVD zoned. You can Build anything like shopping mall, banquet hall or shop cum flats. No information released without Confidentiality Agreement.
ASKING ONLY
$20 mil

INDUSTRIAL WAREHOUSE FOR SALE IN RICHMOND
Need space for your small business? Check this out!! Industrial warehouse 1500 SF for sale. Central location, Near No. 6 Road and River Road, Richmond. Potential to add 2nd floor.
ASKING ONLY
$778,000

BUILDINGS LOTS
Now, assignment of 2-building lots 3800 sf, side by side available for sale near 131/236 Street in Maple Ridge.
Try offer.
ASKING ONLY
$799,000 each

EXCELLENT OPPORTUNITY
Two upcoming 3 bedrooms unit in Hightower on 14th and 15th floor, ready by early 2025 you can Buy this with 20% deposit over 2 years period

6340 BUSWELL ST, RICHMOND



Top floor, Corner unit, 2 Bedroom 2 Bathroom, Prime Location, Short walk to Richmond Sky Train, Rental OK

PUB FOR SALE
Interested to run your own Pub!! Good monthly return, now available for Sale with or without Pub-licence. Call for more details.

DUPLEX LOT RT2 ZONE FOR SALE IN VANCOUVER
6422 Beatrice St, Vancouver
Available for assignment Duplex Lot RT2 zone
ASKING $1.6 million

ਬੀ.ਸੀ. ਵਿੱਚ ਕੋਵਿਡ-19



ਬੂਸਟਰ ਟੀਕੇ ਸਾਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ।

ਬੂਸਟਰ ਟੀਕੇ ਤੁਹਾਡੀ ਇਮਿਊਨਟੀ ਨੂੰ ਬਿਹਤਰ ਕਰਨ ਅਤੇ ਗੰਭੀਰ ਬੀਮਾਰੀ ਤੋਂ ਬਚਾਅ ਵਿੱਚ ਮਦਦ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ ਹਨ – ਭਾਵੇਂ ਤੁਹਾਨੂੰ ਪਹਿਲਾਂ ਕੋਵਿਡ-19 ਹੋ ਚੁੱਕਿਆ ਹੈ। ਕਿਰਪਾ ਕਰਕੇ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਲਈ ਆਪਣਾ ਹਿੱਸਾ ਪਾਓ। ਅੱਜ ਹੀ ਆਪਣਾ ਬੂਸਟਰ ਟੀਕਾ ਬੁੱਕ ਕਰੋ।

gov.bc.ca/boosters-PUN
BRITISH COLUMBIA

# ਜਲੰਧਰ ਮੈਡੀਕਲ ਕਾਲਜ ਪਿਮਸ ਤੋਂ 65 ਕਰੋੜ ਦੀ ਵਸੂਲੀ ਕਰਨ ਦੀ ਤਿਆਰੀ

ਚੰਡੀਗੜ੍ਹ-ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਇੰਸਟੀਚਿਊਟ ਆਫ ਮੈਡੀਕਲ ਸਾਇੰਸ (ਪਿਮਸ) ਉੱਤੇ ਸ਼ਿਕੰਜਾ ਕੱਸਣ ਲੱਗੀ ਹੈ ਤੇ ਸਰਕਾਰੀ ਵਿਭਾਗ ਨੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ(ਪੀਪੀਪੀ) ਢੰਗ ਨਾਲ ਚਲਾਏ ਜਾ ਰਹੇ ਇਸ ਮੈਡੀਕਲ ਕਾਲਜ-ਕਮ ਹਸਪਤਾਲ ਵੱਲ 65 ਕਰੋੜ ਰੁਪਏ ਦੇ ਬਕਾਏ ਵਸੂਲਣਦੀ ਤਿਆਰੀ ਕਰ ਲਈ ਹੈ, ਜਿਸ ਦੀ ਫਾਈਲ ਮੁੱਖ ਮੰਤਰੀ ਦਫਤਰ ਨੂੰ ਭੇਜ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਬੀਤੀ 2 ਜੂਨ ਨੂੰ ਪੰਜਾਬ ਇੰਸਟੀਚਿਊਟ ਮੈਡੀਕਲ ਸਾਇੰਸਿਜ਼ ਐਜੂਕੇਸ਼ਨਲ ਸੁਸਾਇਟੀ ਦੀ ਮੀਟਿੰਗ ਵਿੱਚ ਇਸ ਦੇ ਘਪਲੇ ਦੇ ਤੱਥ ਜਾਣ ਪਿੱਛੋਂਮੁੱਖ ਮੰਤਰੀ ਨੇ ਇਸਵਿਰੁੱਧ ਕਾਰਵਾਈ ਕਰਨ ਦੇ ਸੰਕੇਤ ਦਿੱਤੇ ਸਨ। ਮੀਟਿੰਗ ਵਿੱਚ ਕਈ ਊਣਤਾਈਆਂ ਦਾ ਪਤਾ ਲੱਗਾ ਸੀ, ਜਿਸਨਾਲ ਪਿਮਸ ਵਰਗੀ ਸੰਸਥਾ ਘਾਟੇ ਵਿਚ ਆ ਗਈ ਤੇ ਇਸ ਦੀ ਸਥਾਪਨਾ ਦਾ ਮਕਸਦ ਸਾਲਾਂ-ਬੱਧੀ ਪੂਰਾ ਨਹੀਂ ਹੋ ਸਕਿਆਅਤੇ ਅੱਜ ਵੀ ਲੋਕਾਂ ਨੂੰ ਚੰਗੀਆਂਸਿਹਤ ਸਹੂਲਤਾਂ ਲਈ ਜਾਂ ਨਿੱਜੀ ਖੇਤਰ ਵਿੱਚ ਜਾਣਾ ਪੈਂਦਾ ਹੈ ਜਾਂ ਚੰਡੀਗੜ੍ਹ ਪੀਜੀਆਈ ਪਹੁੰਚਣਾ ਪੈ ਰਿਹਾ ਹੈ। ਜਲੰਧਰ ਵਿੱਚ ਚੱਲਦੇ ਗੰਨਾ ਵਿਕਾਸ ਕੇਂਦਰ ਦੀ ਇਸ ਜ਼ਮੀਨ ਉੱਤੇ ਪੀਪੀਪੀ ਢੰਗ ਨਾਲ ਮੈਡੀਕਲ ਕਾਲਜ ਅਤੇ ਹਸਪਤਾਲ ਬਣਾਉਣ ਦੇ ਫੈਸਲੇ ਹੇਠ ਇਸ ਸਰਕਾਰੀ ਜ਼ਮੀਨ ਉੱਤੇ ਐੱਲ ਐਂਡ ਟੀ ਕੰਪਨੀ ਨੇ ਸ਼ਾਨਦਾਰ ਇਮਾਰਤ ਬਣਾ ਕੇ ਦਿੱਤੀ ਸੀ, ਜਿਸ ਦਾ ਸਾਰਾ ਖਰਚਾ ਪੰਜਾਬ ਸਰਕਾਰ ਨੇ ਕੀਤਾ ਸੀ। ਪ੍ਰਾਈਵੇਟ ਸੈਕਟਰ ਨੇ ਪੀਜੀਆਈ ਚੰਡੀਗੜ੍ਹ ਦੇ ਰੇਟ ਉੱਤੇ ਸਿਰਫ਼ ਮੈਡੀਕਲ ਕਾਲਜ ਅਤੇ ਹਸਪਤਾਲ ਚਲਾਉਣੇ ਅਤੇ ਸਰਕਾਰ ਨੂੰ ਹਰ ਸਾਲ



ਸਾਢੇ ਛੇ ਕਰੋੜ ਰੁਪਏ ਦੇਣੇ ਸਨ, ਪਰ ਇਹ ਰਕਮ ਸਿਰਫ਼ ਇੱਕੋ ਵਾਰ ਦਿੱਤੀ ਗਈ, ਜਦੋਂ ਮੁੱਖ ਮੰਤਰੀ ਨੇ 2 ਜੂਨ ਨੂੰ ਪਿਮਸ ਸੁਸਾਇਟੀ ਦੀ ਮੀਟਿੰਗ ਸੱਦੀ ਸੀ। ਇਸ ਕਾਲਜ ਵੱਲ ਅਜੇ ਵੀ 65 ਕਰੋੜ ਰੁਪਏ ਦੀ ਦੇਣਦਾਰੀ ਬਾਕੀ ਹੈ।ਵਿਭਾਗ ਦੇ ਅਫਸਰਾਂ ਦਾ ਕਹਿਣਾ ਹੈ ਕਿ ਪੀਪੀਪੀ ਮੋਡ ਦੀਆਂ ਸ਼ਰਤਾਂ ਵਿਚ ਸ਼ਾਮਲ ਸੀ ਕਿ ਕੰਪਨੀ ਹਸਪਤਾਲ ਵਿਚ ਸੁਪਰ ਸਪੈਸ਼ਲਿਟੀ ਵਿਭਾਗ ਚਲਾਵੇਗੀ, ਜਿਸ ਦੀ ਫੀਸ ਸਰਕਾਰ ਦੇ ਕਹਿਣ ਅਨੁਸਾਰ ਤੈਅ ਕਰੇਗੀ। ਇਸ ਨੂੰ ਬਣਾਉਣ ਤੇ ਚਲਾਉਣ ਦਾ ਖਰਚਾ ਕੰਪਨੀ ਸਹਿਣ ਕਰੇਗੀ ਅਤੇ ਇਸ ਦੇ ਨਾਲ ਆਡੀਟੋਰੀਅਮ ਅਤੇ ਹੋਸਟਲ ਬਣਾਏ ਜਾਣੇ ਸਨ, ਪਰ ਅਜਿਹਾ ਕੁਝ ਨਹੀਂ ਕੀਤਾ। ਦੂਸਰੇ ਪਾਸੇ ਇਸ ਮੈਡੀਕਲ ਕਾਲਜ ਨੂੰ ਚਲਾ ਰਹੀ ਟੀਮਕਹਿੰਦੀ ਹੈ ਕਿ ਸਰਕਾਰ ਨੇ ਇਲਾਜ ਲਈ ਪੀਜੀਆਈ ਦੇ ਰੇਟ ਅਤੇ ਮੈਡੀਕਲ ਕਾਲਜ ਲਈ ਸਰਕਾਰੀ ਰੇਟ ਤੈਅ ਕੀਤੇ ਹਨ, ਜਿਸ ਕਾਰਨ ਇਸ ਨੂੰ ਚਲਾਉਣਾ ਔਖਾ ਹੈ। 2 ਜੂਨਦੀ ਮੀਟਿੰਗ ਵਿਚ ਜਦੋਂ ਮੁੱਖ ਮੰਤਰੀ ਨੂੰ ਇਹ ਦੱਸਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਤੇ ਪ੍ਰਾਈਵੇਟ ਅਦਾਰੇ ਦਾ ਸਮਝੌਤਾ ਹੋਇਆ, ਕੀ ਉਦੋਂ ਇਹ ਸ਼ਰਤਾਂ ਨਹੀਂ ਸਨ? ਕੀ ਕੰਪਨੀ ਨੂੰ ਨਹੀਂ ਪਤਾ ਸੀ ਕਿ ਇਨ੍ਹਾਂ ਦਰਾਂ ਉੱਤੇ ਕਾਲਜ ਤੇ ਹਸਪਤਾਲ ਚਲਾਉਣੇ ਔਖੇ ਹੋਣਗੇ।ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਮੁਤਾਬਕ ਕਾਲਜ ਨੂੰ ਸਾਲਾਨਾ ਫੀਸ 30 ਕਰੋੜ ਰੁਪਏ ਮਿਲਦੇ ਤੇ 15 ਕਰੋੜ ਰੁਪਏ ਸਾਲਾਨਾ ਹਸਪਤਾਲੋਂ ਦੀਆਂ ਵੱਖ-ਵੱਖਫੀਸਾਂ ਤੋਂਇਕੱਠੇ ਹੁੰਦੇ ਹਨ। ਡਾਕਟਰਾਂ ਅਤੇ ਹੋਰ ਪੈਰਾ ਮੈਡੀਕਲ ਸਟਾਫ ਦੀਆਂ ਤਨਖਾਹਾਂਦਾ 24 ਕਰੋੜ ਰੁਪਏ ਸਾਲਾਨਾ ਖਰਚ ਹੈ। ਕੰਪਨੀ ਚਾਹੁੰਦੀ ਹੈ ਕਿ ਕਾਲਜ ਦੀ ਜ਼ਮੀਨ ਗਿਰਵੀ ਰੱਖ ਕੇ ਉਨ੍ਹਾਂ ਨੂੰ ਕਰਜ਼ਾ ਲੈਣ ਦਿੱਤਾ ਜਾਵੇ, ਪਰ ਕੋਈ ਅਫਸਰ ਜਾਂ ਮੰਤਰੀ ਇਨਾ ਵੱਡਾ ਜੋਖਮ ਲੈਣਾ ਨਹੀਂ ਚਾਹੁੰਦਾ। ਇਸ ਲਈ ਚੀਫਸੈਕਟਰੀ ਤੋਂ ਲੈ ਕੇ ਵਿਭਾਗੀ ਸੈਕਟਰੀਆਂ ਤੱਕ ਨੇ ਇਸ ਸੋਚ ਨੂੰ ਰੱਦ ਕਰ ਦਿੱਤਾ ਹੈ।




## ਮਰਹੂਮ ਗਾਇਕ ਚਮਕੀਲੇ ਦਾ ਪੁੱਤਰ ਅਫੀਮ ਸਣੇ ਗ੍ਰਿਫ਼ਤਾਰ

ਧਾਰੀਵਾਲ-ਪੁਲੀਸ ਨੇ ਪੰਜਾਬ ਦੇ ਨਾਮਵਰ ਗਾਇਕ ਮਰਹੂਮ ਅਮਰ ਸਿੰਘ ਚਮਕੀਲਾ ਦਾ ਪੁੱਤਰ ਜੈਮੱਲਜੀਤ ਸਿੰਘ ਉਰਫ ਜੈਮੱਲ ਤੇ ਉਸ ਦੇ ਸਾਥੀ ਨੂੰ ਇਕ ਕਿੱਲੋ 7 ਗ੍ਰਾਮ ਅਫੀਮ ਸਣੇ ਕਾਬੂ ਕੀਤਾ ਹੈ। ਦੋਵੇਂ ਜਣੇ ਕਾਰ 'ਤੇ ਧਾਰੀਵਾਲ ਆ ਰਹੇ ਸੀ। ਡੀਐੱਸਪੀ ਕੁਲਵਿੰਦਰ ਸਿੰਘ ਵਿਰਕ ਤੇ ਥਾਣਾ ਮੁਖੀ ਨੇ ਦੱਸਿਆ ਕਿ ਪੁਲੀਸ ਪਾਰਟੀ ਬਾਈਪਾਸ ਪੁਲ ਖੁੰਡਾ ਨੇੜੇ ਵਾਹਨਾਂ ਦੀ ਜਾਂਚ ਕਰ ਰਹੀ ਸੀ। ਇਸ ਦੌਰਾਨ ਇਕ ਕਾਰ ਨੂੰ ਰੋਕਿਆ ਜਿਸ 'ਚੋਂ ਅਫੀਮ ਬਰਾਮਦ ਹੋਈ। ਮੁਲਜ਼ਮਾਂ ਦੀ ਪਛਾਣ ਜੈਮੱਲਜੀਤ ਸਿੰਘ ਉਰਫ ਜੈਮੱਲ ਪੁੱਤਰ ਅਮਰ ਸਿੰਘ ਚਮਕੀਲਾ ਵਾਸੀ ਜਮਾਲਪੁਰ ਕਲੋਨੀ ਲੁਧਿਆਣਾ ਤੇ ਰਾਜ ਕੁਮਾਰ ਉਰਫ ਜਿੰਦਾ ਵਾਸੀ ਦਿੱਲੀ ਵਜੋਂ ਹੋਈ। ਪੁਲੀਸ ਨੇ ਦੋਵਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਥਾਣਾ ਮੁਖੀ ਮਨਜੀਤ ਸਿੰਘ ਨੇ ਦੱਸਿਆ ਕਿ ਅਦਾਲਤ ਨੇ ਮੁਲਜ਼ਮਾਂ ਨੂੰ ਦੋ ਦਿਨ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਉਹ ਇਹ ਅਫੀਮ ਰਾਜਸਥਾਨ ਤੋਂ ਲਿਆਏ ਸਨ।

## ਸਰੀ ਦੇ ਘਰ ਵਿਚੋਂ ਤਲਾਸ਼ੀ ਦੌਰਾਨ ਡਰੱਗ, ਨਕਦੀ ਤੇ ਲੋਡਿਡ ਬੰਦੂਕ ਮਿਲਣ ਪਿੱਛੋਂ 9 ਗ੍ਰਿਫ਼ਤਾਰ

ਸਰੀ-ਪੁਲਿਸ ਨੇ ਦੱਸਿਆ ਕਿ ਸਰੀ ਵਿਚ ਇਕ ਘਰ ਦੀ ਤਲਾਸ਼ੀ ਦੌਰਾਨ ਨਸ਼ੀਲੇ ਪਦਾਰਥ, ਇਕ ਲੋਡਿਡ ਬੰਦੂਕ, ਗੈਰਕਾਨੂੰਨੀ ਸਿਗਰਟਾਂ ਅਤੇ ਹਜ਼ਾਰਾਂ ਡਾਲਰ ਨਕਦੀ ਬਰਾਮਦਗੀ ਪਿੱਛੋਂ 9 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ 3 ਜੂਨ ਨੂੰ ਵੈਲੀ ਨੇਬਰਹੁੱਡ ਵਿਚ ਇਕ ਘਰ ਦੀ ਤਲਾਸ਼ੀ ਲੈਣ ਦੌਰਾਨ ਮਿਲੀਆਂ ਵਸਤਾਂ ਦੀ ਸੂਚੀ ਮੁਹੱਈਆ ਕੀਤੀ ਸੀ। ਇਸ ਵਿਚ 12000 ਡਾਲਰ ਨਕਦ, ਫੇਨਾਟਿਲ, ਮੈਥਮਫੇਟਾਮਾਈਨ, ਹਾਈਡ੍ਰੋਮੋਰਫਿਨ ਦੀਆਂ ਗੋਲੀਆਂ, ਕੋਕੀਨ ਅਤੇ ਸਿਗਰਟਾਂ ਦੇ 3800 ਪੈਕਸ ਮਿਲੇ ਸਨ। ਬੰਦੂਕ ਮਨਾਹੀ ਵਾਲੀ ਸੇਮੀ ਆਟੋਮੈਟਿਕ ਰਾਈਫਲ ਸੀ। ਸਾਰੇ 9 ਵਿਅਕਤੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਕਿਸੇ ਦੋਸ਼ ਦਾ ਐਲਾਨ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਦੀ ਪਛਾਣ ਨਹੀਂ ਦੱਸੀ ਗਈ।

## ਜੀਨ ਨੇ ਯੂਸੀਪੀ ਦੇ ਮੌਜੂਦਾ ਨੇਤਾ ਨੂੰ ਹੈਂਕੜਬਾਜ਼ ਆਖਿਆ

ਐਡਮਿੰਟਨ-ਬਰਾਇਨ ਜੀਨ ਨੇ ਯੂਨਾਈਟਡ ਕੰਸਰਵੇਟਿਵ ਪਾਰਟੀ ਦੇ ਮੌਜੂਦਾ ਨੇਤਾ ਅਤੇ ਉਸ ਦੇ ਅੰਦਰੂਨੀ ਸਰਕਲ ਨੂੰ ਹੈਂਕੜਬਾਜ਼ ਆਖਿਆ ਹੈ ਅਤੇ ਉਸ ਨੇ ਪਾਰਟੀ ਦੀ ਪ੍ਰਧਾਨਗੀ ਤੇ ਪ੍ਰੀਮੀਅਰਸ਼ਿਪ ਲੈਣ ਲਈ ਆਪਣੀ ਮੁਹਿੰਮ ਅਧਿਕਾਰਤ ਤੌਰ 'ਤੇ ਸ਼ੁਰੂ ਕਰ ਦਿੱਤੀ ਹੈ। ਜੀਨ ਉਨ੍ਹਾਂ ਅੱਠ ਵਿਅਕਤੀਆਂ ਵਿਚੋਂ ਇਕ ਹੈ ਜਿਹੜੇ ਯੂਸੀਪੀ ਲੀਡਰਸ਼ਿਪ ਦੌੜ ਵਿਚ ਸ਼ਾਮਿਲ ਹਨ ਜਿਸ ਬਾਰੇ 6 ਅਕਤੂਬਰ ਨੂੰ ਫ਼ੈਸਲਾ ਹੋਣ ਦੀ ਆਸ ਹੈ। ਜੀਨ ਨੇ ਕਿਹਾ ਕਿ ਜੀਨ ਨੇ ਕਿਹਾ ਕਿ ਸਾਨੂੰ ਇਕ ਚੀਜ਼ ਕਰਨ ਲਈ ਕਹਿਣਾ ਜਦਕਿ ਉਨ੍ਹਾਂ ਆਪ ਇਸ ਤਰ੍ਹਾਂ ਕੀਤਾ ਕਿ ਜਿਵੇਂ ਨਿਯਮ ਉਨ੍ਹਾਂ 'ਤੇ ਲਾਗੂ ਨਹੀਂ ਹੁੰਦੇ। ਉਹ ਉਸ ਘੁਟਾਲੇ ਦਾ ਹਵਾਲਾ ਦੇ ਰਿਹਾ ਸੀ ਜਿਸ ਵਿਚ ਪ੍ਰੀਮੀਅਰ ਜੈਸਨ ਕੈਨੀ ਨੇ ਆਪਣੇ ਕੋਵਿਡ-19 ਨਿਯਮਾਂ ਦੀ ਪਾਲਣਾ ਨਾ ਕਰਨ ਬਦਲੇ ਮੁਆਫ਼ੀ ਮੰਗੀ ਸੀ। ਉਸ ਨੇ ਪਿਛਲੇ ਮਹੀਨੇ ਯੂਸੀਪੀ ਲੀਡਰ ਬਣਨ ਲਈ ਮੁਹਿੰਮ ਸ਼ੁਰੂ ਕੀਤੀ ਸੀ।


ਸਪੈਸ਼ਲ ਸੈਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1211 ਭਰੀਆਂ ਪੇਟੀਆਂ ਗੱਡਿਆਂ ਵਿਚ ਪਈਆਂ, ਧਨ ਹੱਥ ਸਿੰਘਾਂ ਦੇ ਆਇਆ ਏ।
ਪਹਿਰੇ ਦਾਰਾਂ ਜੋ ਵੀ ਉਜਰ ਕੀਤਾ, ਉਹੋ ਉਥੇ ਹੀ ਮਾਰ ਮੁਕਾਇਆ ਏ।
ਇਹ ਟਕਾ ਨਵਾਬ ਨੇ ਨਾਲ ਜੋਰੀਂ ਕਾਸ਼ਤਕਾਰਾਂ ਕੋਲੋਂ ਉਗਰਾਇਆ ਏ।
ਹਰਚੰਦ ਸਿੰਘਾ ਖ਼ਜ਼ਾਨਾ ਕਰ ਕਾਬੂ, ਬੰਦਾ ਸਿੰਘ ਨੂੰ ਜਾ ਫੜਾਇਆ ਏ॥

### ਕੈਥਲ ਦੇ ਆਲਮ ਨਾਲ ਲੜਾਈ

1212 ਹਿੰਦੂ ਆਲਮ ਨੂੰ ਇਸਦਾ ਇਲਮ ਹੋਇਆ, ਗੁੱਸੇ ਵਿੱਚ ਗਿਆ ਉਹ ਸੜ ਭਾਈ।
ਚਾਰ ਸੌ ਅਸਵਾਰਾਂ ਨੂੰ ਨਾਲ ਲੈ ਕੇ, ਸਿੰਘਾਂ ਉੱਤੇ ਆਇਆ ਉਹ ਚੜ੍ਹ ਭਾਈ।
ਸਿੰਘ ਜਾ ਜੰਗਲ ਦੇ ਵਿੱਚ ਵੜੇ, ਤਿਆਰ ਹੋ ਕੇ ਗਏ ਨੇ ਖੜ੍ਹ ਭਾਈ।
ਸਿੰਘਾਂ ਘੇਰ ਕੇ ਪਾਸੜੇ ਪਾੜ ਸੁੱਟੇ, ਬਹੁਤੀ ਦੇਰ ਨਾ ਸਕਿਆ ਲੜ ਭਾਈ॥

1213 ਹਿੰਦੂ ਜਾਣ ਕੇ ਉਸਨੂੰ ਮਾਰਿਆ ਨਾ, ਘੋੜੇ ਉਸਦੇ ਲਏ ਨੇ ਖੋਹ ਸਿੰਘਾਂ।
ਕੋਲੋਂ ਉਸਦੇ ਸਭ ਹਥਿਆਰ ਖੋਹੇ, ਮੁਸਕਾਂ ਬੰਨ੍ਹੀਆਂ ਅੱਗੇ ਹੋ ਸਿੰਘਾਂ।
ਫਿਰ ਵੜੇ ਕੈਥਲ ਦੇ ਵਿੱਚ ਜਾ ਕੇ, ਜ਼ਾਲਮ ਦਿੱਤੇ ਲਹੂ ਨਾਲ ਧੋ ਸਿੰਘਾਂ।
ਹਰਚੰਦ ਸਿੰਘਾ ਮਹਿਲ ਹਵੇਲੀਆਂ ਚੋਂ, ਸਭ ਕੀਮਤੀ ਲਿਆ ਸੀ ਢੋ ਸਿੰਘਾਂ॥

### ਸਿੰਘਾ ਨੇ ਝੱਜਰ ਨਦੀ ਤੇ ਡੇਰਾ ਕਰਨਾ

1214 ਸਾਰੇ ਮਾਲ-ਖਜ਼ਾਨੇ ਹੱਥ ਕਰਕੇ, ਡੇਰਾ ਝੱਜਰ ਨਦੀ ਤੇ ਲਾਇਆ ਏ।
ਬੰਦਾ ਸਿੰਘ ਨੇ ਕਰ ਪਿਆਰ ਸਭ ਨੂੰ, ਸੱਦ ਆਪਣੇ ਕੋਲ੍ਹ ਬੁਲਾਇਆ ਏ।
ਧਨ ਦੌਲਤਾਂ ਹਿੱਸੇ ਬਹਿਦੀਆਂ ਜੋ, ਹਿੱਸਾ ਸਭ ਦੇ ਪੱਲੇ ਪਾਇਆ ਏ।
ਹਰਚੰਦ ਸਿੰਘਾ ਗੁਰਾਂ ਨੇ ਜੋ ਕਿਹਾ, ਬੰਦਾ ਸਿੰਘ ਨੇ ਕਰ ਵਖਾਇਆ ਏ॥

### ਬਾਬਾ ਬੰਦਾ ਸਿੰਘ ਦਾ ਹੁਕਮ ਕਰਨਾ

1215 ਬੰਦਾ ਸਿੰਘ ਨੇ ਕਿਹਾ ਸਾਰਿਆਂ ਨੂੰ, ਧਨ ਘਰੋ ਘਰੀ ਪੁਚਾਅ ਆਓ।
ਕੀ ਪਤਾ ਕਦ ਹੋ ਫੌਤ ਜਾਣਾ, ਧਨ ਪਿਛਲਿਆਂ ਦੀ ਝੋਲੀ ਪਾ ਆਓ।
ਮਿੱਤਰ ਮੇਲੀਆਂ ਜਾਨੋ-ਪਿਆਰਿਆਂ ਨੂੰ, ਘਰੀਂ ਜਾ ਕੇ ਮਿਲ-ਮਿਲਾ ਆਓ।
ਸੱਤ ਦਿਨਾਂ ਦੀ ਛੁੱਟੀ ਹਰਚੰਦ ਸਿੰਘਾ, ਨਾਲ ਆਪਣੇ ਹੋਰ ਰਲਾ ਆਓ॥

1216 ਅਸੀਂ ਜਾ ਸਮਾਣੇ ਨੂੰ ਮਾਰਨਾ ਏ, ਫੱਗਣ ਪੰਚਮੀ ਮੋੜੇ ਪਾ ਲੈਣੇ।
ਅਮੀਰ ਸ਼ਹਿਰ ਹੈ ਭਰਿਆ ਦੌਲਤਾਂ ਦਾ, ਸਾਕ ਸੰਗੀ ਨਾਲ ਮਿਲਾ ਲੈਣੇ।
ਅਸੀਂ ਕਿਸੇ ਦੀ ਨਹੀਂ ਉਡੀਕ ਕਰਨੀ, ਕਿਤੇ ਘਰ ਹੀ ਜੀ ਨਾ ਲਾ ਲੈਣੇ।
ਹਰਚੰਦ ਸਿੰਘਾ ਅੱਜ ਤੋਂ ਦਸਵੇਂ ਨੂੰ, ਅਸਾਂ ਇੱਥੋਂ ਘੋੜੇ ਭਜਾ ਲੈਣੇ॥

### ਮਾਲਵੇ ਦੇ ਸਿੰਘਾ ਦਾ ਘਰਾਂ ਨੂੰ ਜਾਣਾ

1217 ਧਨ-ਦੌਲਤਾਂ ਗਹਿਣੇ ਕੱਪੜੇ ਲੈ, ਸਿੰਘਾਂ ਘਰਾਂ ਨੂੰ ਘੋੜੇ ਭਜਾ ਦਿੱਤੇ।
ਚਾਉ ਘਰ ਨੂੰ ਜਾਣ ਦਾ ਬਹੁਤ ਹੋਇਆ, ਉਨ੍ਹਾਂ ਛੇਤੀ ਸਫਰ ਮੁਕਾ ਦਿੱਤੇ।
ਪਾਉਣ ਚਾਂਬੜਾਂ ਦੇਖ ਕੇ ਘਰ ਵਾਲੇ, ਢੇਰ ਮਾਇਆ ਦੇ ਜਾਕੇ ਲਾ ਦਿੱਤੇ।
ਹਰਚੰਦ ਸਿੰਘਾ ਪਿੰਡ ਦੇ ਮੁੰਡਿਆਂ ਦੇ, ਦਿਲ ਉਨ੍ਹਾਂ ਨੇ ਹੋਰ ਲਲਚਾ ਦਿੱਤੇ॥

1218 ਦੁੱਖਾਂ ਭੁੱਖਾਂ ਸਤਾਏ ਜੋ ਘਰੋਂ ਗਏ, ਰੰਗ ਬਦਲੇ ਚਿਹਰੇ ਸੁਰਖ ਹੋਏ।
ਨੰਗੇ ਪੈਰ ਤੇ ਪਾਟੇ ਕਪੜੇ ਜੋ, ਉਹ ਦੇਖਣੀ ਸੁੰਦਰ ਪੁਰਖ ਹੋਏ।
ਰਾਤੋ ਰਾਤ ਹੀ ਬਣਗੇ ਸ਼ਾਹ ਉਹੋ, ਘਰ-ਬਾਰ ਸੀ ਜਿਨ੍ਹਾਂ ਦੇ ਕੁਰਕ ਹੋਏ।
ਹਰਚੰਦ ਸਿੰਘਾ ਕਾਬਲੀ ਹੇਠ ਘੋੜੇ, ਭੈ ਮਾਨ ਸੀ ਵੇਖ ਕੇ ਤੁਰਕ ਹੋਏ॥

1219 ਵਿੱਚ ਪਰ੍ਹੇ ਦੇ ਜਾ ਕੇ ਸਿੰਘ ਖੜ੍ਹਦਾ, ਸਾਰੇ ਉਸਨੂੰ ਵੇਖਣ ਲਈ ਆਂਵਦੇ ਨੇ।
ਘਰੋਂ ਤੁਰਨ ਤੇ ਘਰੇ ਮੁੜਨ ਦੀਆਂ, ਗੱਲਾਂ ਸਾਰੀਆਂ ਖੋਲ੍ਹ ਸਣਾਂਵਦੇ ਨੇ।
ਬੰਦਾ ਸਿੰਘ ਬੜਾ ਹੀ ਨੇਕ ਬੰਦਾ, ਗੁਣ ਉਸਦੇ ਬੜੇ ਹੀ ਗਾਂਵਦੇ ਨੇ।
ਜਿਹੜੇ ਜਾਣ ਤੋਂ ਪਹਿਲਾਂ ਸਨ ਡਰਦੇ, ਨੀਲੇ ਚੋਲੇ ਉਹ ਸਲਾਂਵਦੇ ਨੇ॥

1220 ਇੱਕ ਸਿੰਘ ਨੇ ਨਾਲ ਸੀ ਕਈ ਚੱਲੇ, ਜਦੋਂ ਵਾਪਸ ਉਹੋ ਸੀ ਜਾਣ ਲੱਗੇ।
ਵਧੇ ਹੌਸਲੇ ਗੱਭਰੂ ਮੁੰਡਿਆਂ ਦੇ, ਰਾਹ ਜਾਂਦਿਆਂ ਹੋਰ ਵੀ ਆਣ ਲੱਗੇ।
ਪੰਧ ਮਾਰਕੇ ਡੇਰੇ ਜਾ ਪਹੁੰਚੇ, ਬੰਦਾ ਸਿੰਘ ਦੇ ਦਰਸ਼ਨ ਪਾਣ ਲੱਗੇ।
ਹਰਚੰਦ ਸਿੰਘ ਅੰਮ੍ਰਿਤ ਪਾਨ ਕਰਕੇ, ਮੁੰਡੇ ਗੁਰੂ ਦੇ ਸਿੰਘ ਅਖਵਾਣ ਲੱਗੇ॥

### ਸਿੰਘਾਂ ਦੀ ਸਮਾਣੇ ਤੇ ਚੜ੍ਹਾਈ

1221 ਨੌਂਵੇਂ ਦਿਨ ਗੁਰਾਂ ਦਾ ਨਾਮ ਲੈ ਕੇ, ਚਾਲੇ ਵੱਲ ਸਮਾਣੇ ਦੇ ਪਾ ਦਿੱਤੇ।
ਰਾਹ ਜਾਂਦਿਆਂ ਜਿੱਥੇ ਵੀ ਭਿਣਕ ਪਈ, ਗੁੰਡੇ ਚੌਧਰੀ ਸਿੰਘਾਂ ਝਟਕਾ ਦਿੱਤੇ।
ਜਿੱਥੇ ਹਿੰਦੂਆਂ ਆਣ ਫ਼ਰਿਆਦ ਕੀਤੀ, ਦੋਖੀ ਉਨ੍ਹਾਂ ਦੇ ਝੱਟ ਮੁਕਾ ਦਿੱਤੇ।
ਹਰਚੰਦ ਸਿੰਘ ਸਮਾਣੇ ਤੋਂ ਦਸ ਕੋਹਾਂ, ਜਾ ਸਿੰਘਾਂ ਨੇ ਡੇਰੇ ਲਾ ਦਿੱਤੇ॥

### ਸਮਾਣੇ ਸ਼ਹਿਰ ਬਾਰੇ

1222 ਸਮਾਣਾ ਸ਼ਹਿਰ ਪੰਜਾਬ ਦਾ ਅੱਤ ਸੁਹਣਾ, ਇੱਥੇ ਵਸਦੇ ਧਨੀ ਤੇ ਗਾਠ ਮੀਆਂ।
ਮਨਜ਼ੂਰ ਸਰਕਾਰ ਤੋਂ 22 ਸਨ ਪਾਲਕੀਆਂ, ਬਹਿਕੇ ਨਿਕਲਦੇ ਨਾਲ ਸੀ ਠਾਠ ਮੀਆਂ।
ਇਹ ਸ਼ਹਿਰ ਦਸਤੂਰ (ਜ਼ਿਲ੍ਹਾ) ਸਰਹਿੰਦ ਦਾ ਸੀ, ਕਿਲ੍ਹੇ ਰੂਪ ਹਵੇਲੀਆਂ ਬਾਟ ਮੀਆਂ।
ਪੱਕਾ ਕੋਟ ਸ਼ਹਿਰ ਦੇ ਗਿਰਦ ਕੀਤਾ, ਜੜੇ ਤਖਤੇ ਭਾਰੀ ਚੁਗਾਠ ਮੀਆਂ॥

1223 ਗਾਠ ਜਦੋਂ ਵੀ ਬਹਿਕੇ ਪਾਲਕੀ ਤੇ, ਘਰੋਂ ਬਾਹਰ ਸੈਰ ਨੂੰ ਆਂਵਦੇ ਸੀ।
ਗਰੀਬ ਲੋਕ ਰਾਹ ਤੋਂ ਹੋ ਪਾਸੇ, ਹੱਥ ਜੋੜ ਕੇ ਸੀਸ ਨਿਵਾਂਵਦੇ ਸੀ।
ਸਾਰੇ ਸ਼ਹਿਰ ਦੇ ਮਾਸਕੀ ਹੋ ਕੱਠੇ, ਪਾਣੀ ਰਾਹਾਂ ਦੇ ਵਿੱਚ ਛੜਕਾਂਵਦੇ ਸੀ।
ਹਰਚੰਦ ਸਿੰਘਾ ਸਲਾਮ ਨਾ ਜੋ ਕਰਦੇ, ਉਹ ਲੋਕ ਸਜ਼ਾਵਾਂ ਪਾਂਵਦੇ ਸੀ॥

1224 ਪਿੰਡਾਂ ਵਿੱਚ ਗਰੀਬੀ ਦਾ ਬੋਲ ਬਾਲਾ, ਅਫਸਰ ਸ਼ਾਹੀ ਨੇ ਖ਼ੂਨ ਨਚੋੜਿਆ ਸੀ।
ਮਾਇਆ ਵਿਚ ਸਮਾਣੇ ਸੀ ਆ ਬੈਠੀ, ਪਿੰਡਾਂ ਵੱਲੋਂ ਮੁੱਖੜਾ ਮੋੜਿਆ ਸੀ।
ਨੰਗੇ ਤਨ ਤੇ ਖਾਲੀ ਪੇਟ ਪੇਂਡੂ, ਸ਼ਹਿਰੀਂ ਮੁਜਰੇ ਮੁਰਗ ਮਰੋੜਿਆ ਸੀ।
ਹਰਚੰਦ ਸਿੰਘਾ ਗਰੀਬਾਂ ਦੀ ਜੂਨ ਮਾੜੀ, ਲੱਕ ਹਾਏ! ਗਰੀਬੀ ਨੇ ਤੋੜਿਆ ਸੀ॥

### ਬੰਦਾ ਸਿੰਘ ਜੀ ਦਾ ਸਿੰਘਾਂ ਨੂੰ ਕਹਿਣਾ

1225 ਬੰਦਾ ਸਿੰਘ ਨੇ ਅੱਖਾਂ ਲਾਲ ਕਰਕੇ, ਸਾਰੇ ਸਿੱਖਾਂ ਨੂੰ ਇਉਂ ਸੁਣਾਇਆ ਏ।
ਸੱਯਦ ਜਲਾਲੁਦੀਨ ਇਸੇ ਸ਼ਹਿਰ ਦਾ ਏ, ਨੌਂਵੇਂ ਗੁਰਾਂ ਦਾ ਸੀਸ ਜਿਸ ਲਾਹਿਆ ਏ।
ਭਗਤ ਰੱਬ ਦਾ ਚਾਂਦਨੀ ਚੌਕ ਦਿੱਲੀ, ਬਿਨਾਂ ਵਜ੍ਹਾ ਖ਼ੂਨ ਬਹਾਇਆ ਏ।
ਹਰਚੰਦ ਸਿੰਘਾ ਭਾਈ ਦਿਆਲ ਜੀ ਨੂੰ, ਦੇਗ ਉਬਲਦੀ ਵਿੱਚ ਬਠਾਇਆ ਏ॥

1226 ਮਤੀਦਾਸ ਦੇ ਚਾਂਦਨੀ ਚੌਕ ਦਿੱਲੀ, ਸਿਰ ਆਰਾ ਇਸ ਚਲਾਇਆ ਸੀ।
ਸਤੀਦਾਸ ਨੂੰ ਰੂੰ ਲਪੇਟ ਇਸਨੇ, ਜਿਊਂਦੇ ਜੀ ਲਾ ਅੱਗ ਮਚਾਇਆ ਸੀ।
ਇਸੇ ਥਾਂ ਦਾ ਅਲੀ ਹੁਸੈਨ ਖਾਂ ਏ, ਜਿਨ੍ਹਾਂ ਗੁਰ੍ਹਾਂ ਨੂੰ ਬੜਾ ਸਤਾਇਆਸੀ।
ਹਰਚੰਦ ਸਿੰਘਾ ਤੋੜ ਕੇ ਸਭ ਸੌਂਹਾਂ, ਹਮਲਾ ਗੁਰਾਂ ਤੇ ਉਸ ਕਰਾਇਆ ਸੀ॥

1227 ਸ਼ਾਮਲ-ਬਾਸ਼ਲ ਬੇਗ ਵੀ ਇਸ ਥਾਂ ਦੇ, ਜਿਨ੍ਹਾਂ ਸਰਹਿੰਦ ਸੀ ਕਹਿਰ ਕਮਾ ਦਿੱਤੇ।
ਮਾਸੂਮ ਛੋਟੇ ਸਾਹਿਬਜ਼ਾਦਿਆਂ ਦੇ, ਸੀਸ ਧੜਾਂ ਤੋਂ ਇਨ੍ਹਾਂ ਨੇ ਲਾਹ ਦਿੱਤੇ।
ਬੇ ਰਹਿਮ ਪਾਪੀਆਂ ਬੁੱਚੜਾਂ ਨੇ, ਦਾਦੀ ਮਾਂ ਦੇ ਦੀਪ ਬੁਝਾ ਦਿੱਤੇ।
ਹਰਚੰਦ ਸਿੰਘਾ ਡਰੇ ਨਾ ਰੱਬ ਕੋਲੋਂ, ਡਰ ਤੁਰਕਾਂ ਸਭ ਭੁਲਾ ਦਿੱਤੇ॥

1228 ਸਜ਼ਾ ਪਾਪ ਦੀ ਦੇਣੀ ਹੈ ਪਾਪੀਆਂ ਨੂੰ, ਇਹੋ ਹੁਕਮ ਅਕਾਲ ਦਾ ਆਇਆ ਏ।
ਜ਼ਾਲਮ ਮਾਰ ਕੇ ਜ਼ੁਲਮ ਨੇ ਬੰਦ ਕਰਨੇ, ਪਾਪ ਪਾਪੀਆਂ ਬੜਾ ਕਮਾਇਆ ਏ।
ਰਹਿਮ ਕਰੋ ਨਾ ਕਦੇ ਬੇ-ਰਹਿਮ ਉਤੇ, ਕਰ ਦੇਣਾ ਸਭ ਸਫਾਇਆ ਏ।
ਸਜ਼ਾ ਦੇਣ ਲਈ ਜ਼ਾਲਮਾਂ , ਕਾਤਲਾਂ ਨੂੰ, ਬੰਦਾ ਸਿੰਘ ਨੇ ਹੁਕਮ ਸੁਣਾਇਆ ਏ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਸੂਰਜ

ਸੂਰਜ ਜਦੋਂ ਆਉਂਦਾ ਹੈ ,
ਘਰ - ਘਰ ਰੌਸ਼ਨੀ ਪਹੁੰਚਾਉਂਦਾ ਹੈ ,
ਸੂਰਜ ਜਦੋਂ ਆਉਂਦਾ ਹੈ ,
ਸਭ ਨੂੰ ਇਹ ਜਗਾਉਂਦਾ ਹੈ ,
ਸਰਦੀ ਵਿੱਚ ਨਾ ਲੱਗੇ ਠੰਢ ,
ਸਭ ਨੂੰ ਗਰਮਾਹਟ ਪਹੁੰਚਾਉਂਦਾ ਹੈ ,
ਸੂਰਜ ਜਦੋਂ ਆਉਂਦਾ ਹੈ ,
ਸਭ ਪਾਸੇ ਖੁਸ਼ੀਆਂ - ਖੇੜੇ ਲਿਆਉਂਦਾ ਹੈ ,
ਸਭ ਦੇ ਮਨ ਨੂੰ ਭਾਉਂਦਾ ਹੈ।

## ਪੰਛੀ ਬਣ ਜਾਵਾਂ

ਜੀਅ ਕਰਦਾ ਪੰਛੀ ਬਣ ਜਾਵਾਂ ,
ਹਵਾ ਵਿੱਚ ਮੈਂ ਉੱਡਦਾ ਜਾਵਾਂ ,
ਅਕਾਸ਼ ਨੂੰ ਮੈਂ ਛੂਹ ਪਾਵਾਂ ,
ਦੁਨੀਆ ਸਾਰੀ ਵੇਖ ਪਾਵਾਂ ,
ਫਿਰ ਤੁਹਾਨੂੰ ਗੱਲ ਸੁਣਾਵਾਂ ,
ਜੀਅ ਕਰਦਾ ਪੰਛੀ ਬਣ ਜਾਵਾਂ ,
ਜੀਅ ਕਰਦਾ ਮੈਂ ਪੰਛੀ ਬਣ ਜਾਵਾਂ।

## ਮੀਂਹ

ਮੀਂਹ ਜਦੋਂ ਆਉਂਦਾ ਹੈ ,
ਸਭ ਦੇ ਮਨ ਨੂੰ ਭਾਉਂਦਾ ਹੈ ,
ਜੀਅ ਕਰਦਾ
ਮੀਂਹ ਵਿੱਚ ਨੱਚੀਂ ਜਾਵਾਂ ,
ਗਰਮਾ - ਗਰਮ ਪਕੌੜੇ ਖਾਵਾਂ ,
ਮੀਂਹ ਵਿੱਚ ਮੈਂ ਖੇਡੀ ਜਾਵਾਂ ,
ਮੀਂਹ ਵਿੱਚ ਕਿਸ਼ਤੀ ਚਲਾਵਾਂ।



**ਵੰਦਨਾ ਧਰਮਾਣੀ**
ਜਮਾਤ : ਅੱਠਵੀਂ
ਮਾਊਂਟ ਕਾਰਮਲ
ਸਕੂਲ ਜਿੰਦਵੜੀ,
ਸ੍ਰੀ ਅਨੰਦਪੁਰ ਸਾਹਿਬ
(ਰੂਪਨਗਰ)
ਪੰਜਾਬ

# ਬਾਲ ਕਹਾਣੀ : ਅਮੀਰਾਂ ਦੀ ਹੋਲੀ ਤੇ ਗ਼ਰੀਬਾਂ ਦੀ ਹੋਲੀ

ਇੱਕ ਵਾਰ ਦੀ ਗੱਲ ਹੈ। ਇੱਕ ਪਿੰਡ ਵਿੱਚ ਕੁਝ ਗ਼ਰੀਬ ਲੋਕਾਂ ਦੇ ਘਰ ਸਨ ਅਤੇ ਕੁਝ ਅਮੀਰ ਲੋਕਾਂ ਦੇ ਘਰ ਸਨ। ਉਸੇ ਪਿੰਡ ਵਿੱਚ ਇੱਕ ਹਰਦੀਪ ਨਾਂ ਦਾ ਮੁੰਡਾ ਰਹਿੰਦਾ ਸੀ। ਉਹ ਇੱਕ ਅਮੀਰ ਸੇਠ ਦਾ ਲੜਕਾ ਸੀ।ਇੱਕ ਵਾਰ ਹੋਲੀ ਦਾ ਦਿਨ ਸੀ। ਉਸ ਹੋਲੀ ਵਿੱਚ ਅਮੀਰ ਲੋਕ ਮਹਿੰਗੇ - ਮਹਿੰਗੇ ਰੰਗਾਂ , ਚਾਈਨਾ ਰੰਗਾਂ ਅਤੇ ਵਧੀਆ ਰੰਗ - ਬਿਰੰਗੀਆਂ ਪਿਚਕਾਰੀਆਂ ਲੈ ਕੇ ਹੋਲੀ ਖੇਡਣ ਲੱਗੇ। ਹਰਦੀਪ ਵੀ ਆਪਣੇ ਪਰਿਵਾਰ ਨਾਲ਼ ਹੋਲੀ ਖੇਡਣ ਲੱਗਾ। ਉਸ ਪਿੰਡ ਦੇ ਗ਼ਰੀਬ ਬੱਚਿਆਂ ਨੇ ਆਪਣੀਆਂ ਮਾਤਾਵਾਂ ਕੋਲ਼ ਬੇਨਤੀ ਕੀਤੀ ਕਿ ਅਸੀਂ ਵੀ ਹੋਲੀ ਖੇਡਣੀ ਹੈ। ਪਰ ਸਮੱਸਿਆ ਇਹ ਸੀ ਕਿ ਉਨ੍ਹਾਂ ਕੋਲ ਅਮੀਰ ਲੋਕਾਂ ਵਾਂਗੂ ਵਧੀਆ ਰੰਗ ਤੇ ਵਧੀਆ ਪਿਚਕਾਰੀਆਂ ਨਹੀਂ ਸਨ। ਗ਼ਰੀਬ ਲੋਕਾਂ ਨੇ ਬਾਂਸ ਦੇ ਦਰੱਖਤ ਤੋਂ ਪਿਚਕਾਰੀਆਂ ਬਣਾ ਲਈਆਂ ਅਤੇ ਫੁੱਲਾਂ , ਹਲਦੀ , ਲੱਕੜ ਦੇ ਬੂਰੇ ਤੋਂ ਰੰਗ ਆਦਿ ਬਣਾ ਲਏ ਅਤੇ ਉਨ੍ਹਾਂ ਨੇ ਵੀ ਖ਼ੁਸ਼ੀ - ਖ਼ੁਸ਼ੀ ਹੋਲੀ ਦਾ ਤਿਉਹਾਰ ਮਨਾਇਆ। ਹਰਦੀਪ ਦੇ ਪਿਤਾ ਜੀ ਨੂੰ ਹੋਲੀ ਖੇਡਦੇ ਸਮੇਂ ਯਾਦ ਆਇਆ ਕਿ ਅੱਜ ਉਨ੍ਹਾਂ ਨੇ ਆਪਣੀ ਕੰਪਨੀ ਦੇ ਲਈ ਦੱਸ ਲੱਖ ਰੁਪਏ ਦਾ ਕੰਟਰੈਕਟ ਲੈਣ ਜਾਣਾ ਸੀ । ਪਰ ਹਰਦੀਪ ਦੇ ਪਿਤਾ ਜੀ ਕੋਲ ਉਸ ਮੀਟਿਗ ਵਿੱਚ ਜਾਣ ਲਈ ਹੋਰ ਸਾਫ਼ ਕੱਪੜੇ ਨਹੀਂ ਸਨ ; ਕਿਉਂਕਿ ਉਸ ਦੇ ਕੱਪੜੇ ਰੰਗਾਂ ਨਾਲ ਰੰਗ ਗਏ ਹੋਏ ਸਨ। ਇਹ ਦੇਖ - ਸਮਝ ਕੇ ਬੱਚਿਆਂ ਨੇ ਹਰਦੀਪ ਦੇ ਪਿਤਾ ਦੇ ਕੱਪੜਿਆਂ ਨੂੰ ਜਲਦੀ ਹੀ ਪਾਣੀ ਨਾਲ ਧੋ ਦਿੱਤਾ। ਹਰਦੀਪ ਦੇ ਪਿਤਾ ਦੇ ਕੱਪੜਿਆਂ



ਵਿੱਚੋਂ ਰੰਗ ਨਿਕਲ ਗਿਆ। ਪਰ ਹਰਦੀਪ ਦੇ ਪਿਤਾ ਜੀ ਹੈਰਾਨ ਹੋਏ ਕਿ ਉਹਨਾਂ ਨੇ ਤਾਂ ਹੋਲੀ ਖੇਡਣ ਸਮੇਂ ਮਹਿੰਗੇ ਰੰਗਾਂ ਦੀ ਵਰਤੋਂ ਕੀਤੀ ਸੀ। ਜੋ ਕਿ ਕਈ ਦਿਨ ਤੱਕ ਨਹੀਂ ਸਨ ਉਤਰਦੇ। ਤਦ ਸਾਰੇ ਬੱਚਿਆਂ ਨੇ ਇਕੱਠੇ ਹੋ ਗਏ ਹਰਦੀਪ ਦੇ ਪਿਤਾ ਜੀ ਨੂੰ ਦੱਸਿਆ ਕਿ ਅਸੀਂ ਜੋ ਫੁੱਲਾਂ , ਲੱਕੜ ਦੇ ਬੁਰਾਦੇ ਅਤੇ ਹੋਰ ਘਰੇਲੂ ਵਸਤਾਂ ਨਾਲ਼ ਰੰਗ ਬਣਾਏ ਸਨ , ਤੁਹਾਨੂੰ ਵੀ ਬਿਨਾਂ ਦੱਸੇ ਉਹੀ ਰੰਗ ਹੋਲੀ ਖੇਡਣ ਲਈ ਦੇ ਦਿੱਤੇ ਸਨ। ਜੋ ਕਿ ਕੱਪੜੇ ਧੋਣ ਨਾਲ਼ ਤੁਰੰਤ ਹੀ ਨਿਕਲ ਗਏ ਅਤੇ ਤੁਹਾਡੇ ਕੱਪੜੇ ਜਲਦੀ ਸਾਫ਼ ਹੋ ਗਏ। ਹਰਦੀਪ ਦੇ ਪਿਤਾ ਜੀ ਖੁਸ਼ ਸਨ। ਉਹ ਜਲਦੀ - ਜਲਦੀ ਕੰਪਨੀ ਲਈ ਦੱਸ ਲੱਖ ਰੁਪਏ ਕੰਟਰੈਕਟ ਲੈਣ ਲਈ ਚਲੇ ਗਏ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਨ੍ਹਾਂ ਨੂੰ ਦੱਸ ਲੱਖ ਦਾ ਕੰਟਰੈਕਟ ਮਿਲ ਗਿਆ। ਹਰਦੀਪ ਦੇ ਪਿਤਾ ਜੀ ਬਹੁਤ ਖੁਸ਼ ਸਨ। ਉਨ੍ਹਾਂ ਨੇ ਖ਼ੁਸ਼ ਹੋ ਕੇ ਗ਼ਰੀਬ ਲੋਕਾਂ ਦੇ ਨਵੇਂ ਮਕਾਨ ਬਣਾ ਦਿੱਤੇ ਤੇ ਉਨ੍ਹਾਂ ਲਈ ਪੈਸਿਆਂ ਦਾ ਵੀ ਪ੍ਰਬੰਧ ਕੀਤਾ।ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਹੋਲੀ ਦਾ ਤਿਉਹਾਰ ਘਰ ਬਣਾਏ ਹੋਏ ਰੰਗਾਂ , ਫੁੱਲਾਂ ਆਦਿ ਨਾਲ਼ ਖੇਡ ਕੇ ਮਨਾਉਣਾ ਚਾਹੀਦਾ ਹੈ। ਸਾਨੂੰ ਗ਼ਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।



**ਅਦਿੱਤਿਆਪ੍ਰੀਤ ਸਿੰਘ**
ਜਮਾਤ - ਚੌਥੀ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ
ਗੰਭੀਰਪੁਰ ਲੋਅਰ, ਸੈਂਟਰ - ਢੇਰ
ਜ਼ਿਲ੍ਹਾ - ਰੂਪਨਗਰ (ਪੰਜਾਬ)
ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ

### ਬਾਲ ਕਹਾਣੀ

## ਰਾਜਾ, ਰਾਣੀ ਤੇ ਭਿਖਾਰੀ

ਇੱਕ ਵਾਰ ਦੀ ਗੱਲ ਹੈ। ਇੱਕ ਦੇਸ਼ ਵਿੱਚ ਇੱਕ ਰਾਜਾ ਰਹਿੰਦਾ ਸੀ। ਉਸ ਦੀ ਇੱਕ ਰਾਣੀ ਸੀ। ਰਾਣੀ ਕਾਫ਼ੀ ਲਾਲਚੀ ਸੀ। ਰਾਣੀ ਨੂੰ ਚੋਰੀ ਕਰਨ ਦੀ ਆਦਤ ਸੀ। ਇੱਕ ਵਾਰ ਰਾਣੀ ਕੋਲ ਇੱਕ ਭਿਖਾਰੀ ਆਇਆ। ਭਿਖਾਰੀ ਨੇ ਕਿਹਾ ਕਿ ਮੈਨੂੰ ਕੁਝ ਪੈਸੇ ਦੀ ਜ਼ਰੂਰਤ ਹੈ , ਮੈਂ ਰੋਟੀ ਖਾਣੀ ਹੈ ਅਤੇ ਆਪਣੇ ਬੱਚਿਆਂ ਨੂੰ ਰੋਟੀ ਲੈ ਕੇ ਜਾਣੀ ਹੈ। ਰਾਣੀ ਨੇ ਭਿਖਾਰੀ ਨੂੰ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਭਿਖਾਰੀ ਮਹਿਲਾਂ ਤੋਂ ਵਾਪਸ ਜਾ ਰਿਹਾ ਸੀ। ਰਸਤੇ ਵਿੱਚ ਉਸ ਨੂੰ ਰਾਜਾ ਮਿਲ ਗਿਆ। ਉਸ ਨੇ ਰਾਜੇ ਨੂੰ ਆਪਣੀ ਸਾਰੀ ਗੱਲ ਦੱਸੀ। ਰਾਜੇ ਨੇ ਕਿਹਾ ਕਿ ਤੂੰ ਮੇਰੇ ਨਾਲ ਚੱਲ। ਰਾਜੇ ਨੇ ਜਦੋਂ ਪੈਸੇ ਲੈਣ ਲਈ ਆਪਣੇ ਖ਼ਜ਼ਾਨੇ ਵੱਲ ਗਿਆ ਤਾਂ ਰਾਜੇ ਨੇ ਦੇਖਿਆ ਰਾਣੀ ਉੱਥੇ ਚੋਰੀ ਕਰ ਰਹੀ ਸੀ। ਫਿਰ ਰਾਜੇ ਨੇ ਰਾਣੀ ਨੂੰ ਸਮਝਾਇਆ। ਉਸ ਨੇ ਰਾਣੀ ਨੂੰ ਦੱਸਿਆ ਕਿ ਸਾਨੂੰ ਚੋਰੀ ਨਹੀਂ ਕਰਨੀ ਚਾਹੀਦੀ। ਫਿਰ ਰਾਣੀ ਨੇ ਚੋਰੀ ਕਰਨੀ ਛੱਡ ਦਿੱਤੀ। ਰਾਜੇ ਨੇ ਭਿਖਾਰੀ ਨੂੰ ਰੋਟੀ ਦਿੱਤੀ। ਰਾਜੇ ਨੇ ਭਿਖਾਰੀ ਨੂੰ ਪੈਸੇ ਵੀ ਦਿੱਤੇ। ਭਿਖਾਰੀ ਖੁਸ਼ ਹੋ ਕੇ ਚਲਾ ਗਿਆ ।



**ਸਿੱਖਿਆ** :- ਸਾਨੂੰ ਉਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਗ਼ਰੀਬਾਂ ਦੀ ਮੱਦਦ ਕਰਨੀ ਚਾਹੀਦੀ ਹੈ। ਚੋਰੀ ਨਹੀਂ ਕਰਨੀ ਚਾਹੀਦੀ।



**ਅੰਜਲੀ**
ਜਮਾਤ - ਚੌਥੀ
ਸਰਕਾਰੀ ਪ੍ਰਾਇਮਰੀ ਸਮਾਰਟ
ਸਕੂਲ ਗੰਭੀਰਪੁਰ ਲੋਅਰ ,
ਸੈਂਟਰ - ਢੇਰ , ਸਿੱਖਿਆ
ਬਲਾਕ - ਸ੍ਰੀ ਅਨੰਦਪੁਰ
ਸਾਹਿਬ , ਜ਼ਿਲ੍ਹਾ - ਰੂਪਨਗਰ
(ਪੰਜਾਬ)

**ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ**





# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

may 07

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap 23

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- 8427795577 (ਵਟਸ ਐਪ), ਕਾਲ: 7788896191//2363308884

mar 12

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ ੨੯ ਸਾਲ, ਕੱਦ ੫ ਫੁੱਟ ੬ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ ੨੫ ਸਾਲ, ਕੱਦ ੫'੪", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (ਭਭਸ਼) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ: 604-377-4085

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

◆◆◆◆◆◆◆◆◆◆◆◆◆◆

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

## EMPLOYMENTS

### ਵਰਕਰਾਂ ਦੀ ਲੋੜ

**S K Framing** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬੰਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 'ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

◆◆◆◆◆◆◆◆◆◆◆◆◆◆

# 5ਜੀ ਸਪੈਕਟਰਮ ਦੀ ਨਿਲਾਮੀ ਨੂੰ ਕੇਂਦਰੀ ਕੈਬਨਿਟ ਵੱਲੋਂ ਮਨਜ਼ੂਰੀ




ਨਵੀਂ ਦਿੱਲੀ-ਭਾਰਤ ਦੀ ਕੇਂਦਰ ਸਰਕਾਰ ਨੇ ਦੇਸ਼ ਵਿੱਚ ਪੰਜਵੀਂ ਪੀੜ੍ਹੀ ਦੀਆਂ ਟੈਲੀਕਾਮ ਸੇਵਾਵਾਂ ਸ਼ੁਰੂ ਕਰਨ ਲਈ ਅਹਿਮ ਫ਼ੈਸਲਾ ਲਿਆ ਹੈ। ਮੋਦੀ ਕੈਬਨਿਟ ਨੇ 5ਜੀ ਸਪੈਕਟਰਮ ਦੀ ਨਿਲਾਮੀ ਨੂੰ ਮਨਜ਼ੂਰੀ ਦੇ ਦਿੱਤੀ ਹੈ।ਮਾਹਰਾਂ ਮੁਤਾਬਕ ਜੇ ਸਭ ਕੁਝ ਠੀਕ ਰਿਹਾ ਤਾਂ ਇਸ ਸਾਲ ਦੀਵਾਲੀ ਤਕ ਦੇਸ਼ ਵਾਸੀਆਂ ਨੂੰ 5ਜੀ ਟੈਲੀਕਾਮ ਸੇਵਾਵਾਂ ਦਾ ਤੋਹਫ਼ਾ ਮਿਲ ਸਕਦਾ ਹੈ। ਇਨ੍ਹਾਂ ਸੇਵਾਵਾਂ ਨੂੰ 20 ਸਾਲਾਂ ਤਕ ਚਲਾਉਣ ਲਈ ਸਰਕਾਰ ਜੁਲਾਈ ਦੇ ਅੰਤ ਤਕ ਕੁਲ 72097.85 ਮੈਗਾਹਰਟਜ਼ ਸਪੈਕਟਰਮ ਦੀ ਨਿਲਾਮੀ ਕਰੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੱਲ੍ਹ ਹੋਈ ਮੰਤਰੀ ਮੰਡਲ ਦੀ ਬੈਠਕ ਵਿੱਚਟੈਲੀਕਾਮ ਵਿਭਾਗ ਦੇ ਸਪੈਕਟਰਮ ਨਿਲਾਮੀ ਨੂੰ ਮਨਜ਼ੂਰੀ ਦਿੱਤੀ ਗਈ। ਨਿਲਾਮੀ ਵਿੱਚ ਸਫ਼ਲ ਬੋਲੀਕਾਰਾਂ ਨੂੰ ਦੇਸ਼ ਦੇ ਲੋਕਾਂ ਤੇ ਕੰਪਨੀਆਂ ਨੂੰ 5ਜੀ ਟੈਲੀਕਾਮ ਸੇਵਾਵਾਂ ਦੇਣ ਲਈ ਲਾਇਸੰਸੀ ਸਪੈਕਟਰਮ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 5ਜੀ ਸਪੈਕਟਰਮ ਦੀ ਨਿਲਾਮੀ ਨੂੰ ਮਨਜ਼ੂਰੀ ਦਿੱਤੀ ਸੀ। ਦੇਸ਼ ਦੀਆਂ ਟੈਲੀਕਾਮ ਕੰਪਨੀਆਂ ਲੰਮੇ ਸਮੇਂ ਤੋਂ 5ਜੀ ਸਪੈਕਟਰਮ ਦੀ ਨਿਲਾਮੀ ਦੀ ਉਡੀਕ ਕਰ ਰਹੀਆਂ ਹਨ। ਨਿਲਾਮੀ ਤੋਂ ਪੰਜ ਲੱਖ ਕਰੋੜ ਰੁਪਏ ਮਿਲਣ ਦੀ ਆਸ ਨਾਲ ਦੇਸ਼ ਵਿੱਚ ਨਵੀਂ ਟੈਲੀਕਾਮ ਕ੍ਰਾਂਤੀ ਸ਼ੁਰੂ ਹੋਈ ਹੈ। ਟੈਲੀਕਾਮ ਮੰਤਰਾਲਾ ਇਸ ਹਫ਼ਤੇ ਇਛੁੱਕ ਟੈਲੀਕਾਮ ਕੰਪਨੀਆਂ ਤੋਂ ਅਰਜ਼ੀਆਂ ਮੰਗੇਗਾ। ਇਸਦੀ ਪ੍ਰਕਿਰਿਆ ਜੁਲਾਈ ਦੇ ਅੰਤ ਤਕ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਲਈ ਸਪੈਕਟਟਰਮ ਦੀ ਕੁਲ ਲਾਗਤ ਪੰਜ ਲੱਖ ਕਰੋੜ ਰੁਪਏ ਰੱਖੀ ਗਈ ਹੈ ਅਤੇ ਇਸ ਵਿੱਚ ਸਰਕਾਰ 9 ਸਪੈਕਟਰਮਾਂ ਦੀ ਨਿਲਾਮੀ ਕਰੇਗੀ। ਇਹ ਨਿਲਾਮੀ 20 ਸਾਲਾਂ ਲਈ ਹੋਵੇਗੀ।ਇਸ ਨਿਲਾਮੀ ਵਿੱਚ ਟੈਲੀਕਾਮ ਕੰਪਨੀਆਂ 600 ਤੋਂ 1800 ਮੈਗਾਹਰਟਜ਼ ਬੈਂਡ ਅਤੇ 2100, 2300, 2500 ਮੈਗਾਹਰਟਜ਼ ਬੈਂਡ ਦੀ ਨਿਲਾਮੀ ਲਈ ਅਪਲਾਈ ਕਰਨਗੀਆਂ।

## ਨੂੰਹ ਨੂੰ ਦਾਜ ਲਈ ਤੰਗ ਕਰਨ ਵਾਲੇ ਪਤੀ ਤੇ ਸਹੁਰੇ ਉਤੇ ਕੇਸ ਦਰਜ

ਭੋਗਪੁਰ-ਇੱਕ ਔਰਤ ਵੱਲੋਂ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਉੱਤੇ ਉਸ ਦੇ ਅਮਰੀਕਾ ਰਹਿੰਦੇ ਪਤੀ ਅਤੇ ਸਹੁਰੇ ਖ਼ਿਲਾਫ਼ ਦਾਜ ਲਈ ਤੰਗ ਕਰਨ ਅਤੇ ਸੋਸ਼ਲ ਮੀਡੀਆ ਰਾਹੀਂ ਅਸ਼ਲੀਲ ਤੇ ਗੰਦੇ ਮੈਸੇਜ ਭੇਜਣ ਦੇ ਦੋਸ਼ਾਂ ਹੇਠ ਉਸ ਔਰਤ ਦੇ ਪਤੀ ਜਗਮੋਹਣ ਸਿੰਘ ਤੇ ਸਹੁਰੇ ਸਿਮਰ ਨਾਥ ਵਾਸੀ ਭੋਗਪੁਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।ਇਸ ਦੇ ਬਾਅਦ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਥਾਣਾ ਭੋਗਪੁਰ ਦੇ ਇੱਕ ਪਿੰਡ ਦੀ ਔਰਤ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਸੀ, ਜਿਸ ਵਿੱਚ ਦੋਸ਼ ਲਾਇਆ ਸੀ ਕਿ ਵਿਆਹ ਸਮੇਂ ਉਸ ਦੇ ਮਾਤਾ-ਪਿਤਾ ਨੇ 25 ਤੋਲੇ ਦੇ ਕਰੀਬ ਸੋਨਾ ਤੇ ਹੋਰ ਸਾਮਾਨ ਦਾਜ ਵਿੱਚ ਦਿੱਤਾ ਸੀ ਤੇ ਇੱਕ ਵੱਡੇ ਮੈਰਿਜ ਪੈਲੇਸ ਵਿੱਚ ਭਾਰੀ ਖਰਚ ਕਰ ਕੇ ਉਸ ਦਾ ਵਿਆਹ ਜਗਮੋਹਨ ਸਿੰਘ ਪੁੱਤਰ ਸਿਮਰ ਨਾਥ ਨਾਲ ਕੀਤਾ ਸੀ। ਕੁਝ ਸਮੇਂ ਬਾਅਦ ਜਗਮੋਹਨ ਸਿੰਘ ਵਾਪਸ ਅਮਰੀਕਾ ਚਲਾ ਗਿਆ।ਪੀੜਤਾ ਦੇ ਸਹੁਰੇ ਨੇ ਉਸ ਨੂੰ ਨਿੱਕੀ-ਨਿੱਕੀ ਗੱਲ ਉੱਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਪਤੀ ਵੱਲੋਂ ਜਾਂ ਉਸਦੇ ਸਹੁਰੇ ਵੱਲੋਂ ਕੋਈ ਖਰਚ ਨਹੀਂ ਦਿੱਤਾ ਜਾਂਦਾ ਸੀ।ਆਖ਼ਰ ਅਕਤੂਬਰ 2020 ਵਿੱਚ ਪੀੜ੍ਹਤਾ ਆਪਣੇ ਪੇਕੇ ਘਰ ਆ ਗਈ। ਉਸ ਨੇ ਕਈ ਵਾਰ ਪਤੀ ਨਾਲ ਫ਼ੋਨ ਉਤੇ ਸੰਪਰਕ ਕਰਕੇ ਖਰਚੇ ਦੀ ਮੰਗ ਕੀਤੀ ਪਰ ਪਤੀ ਵੱਲੋਂ ਖਰਚ ਦੇਣ ਦੀ ਬਜਾਏ ਉਸ ਨਾਲ ਸੋਸ਼ਲ ਮੀਡੀਆ ਰਾਹੀਂ ਬਹੁਤ ਭੱਦੀ ਸ਼ਬਦਾਵਲੀ ਵਿੱਚ ਚੈਟਿੰਗ ਕੀਤੀ ਗਈ।ਪੀੜਤਾ ਦੇ ਪਰਵਾਰ ਅਤੇ ਰਿਸ਼ਤੇਦਾਰਾਂ ਨੇ ਪੀੜਤਾ ਨੂੰ ਸਹੁਰੇ ਘਰ ਵਸਾਉਣ ਲਈ ਸਹੁਰੇ ਨਾਲ ਗੱਲਬਾਤ ਕੀਤੀ, ਪਰ ਸਹੁਰੇ ਨੇ ਇਨਕਾਰ ਕਰ ਦਿੱਤਾ। ਪੀੜਤਾ ਨੇ ਜਦੋਂ ਸਹੁਰੇ ਤੋਂ ਆਪਣੇ ਸੋਨੇ ਦੇ ਗਹਿਣਿਆਂ ਦੀ ਮੰਗ ਕੀਤੀ ਤਾਂ ਉਸ ਨੇ ਇਨਕਾਰ ਕਰ ਦਿੱਤਾ ਅਤੇ ਪੀੜਤਾ ਆਪਣੇ ਪਰਵਾਰ ਨਾਲ ਫਿਰ ਪੇਕੇ ਘਰ ਆ ਗਈ। ਉਸ ਨੇ ਕਿਹਾ ਕਿ ਉਸਦੇ ਪਤੀ ਵੱਲੋਂ ਕਈ ਵਾਰ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਇਹ ਸ਼ਿਕਾਇਤ ਐਸ ਐਸ ਪੀ ਜਲੰਧਰ ਦਿਹਾਤੀ ਨੂੰ ਭੇਜੀ ਗਈ, ਜਿਸ ਪਿੱਛੋਂ ਇਸਦੀ ਜਾਂਚ ਏ ਐਸ ਪੀ ਸਬ ਡਿਵੀਜ਼ਨ ਆਦਮਪੁਰ ਨੂੰ ਸੌਂਪੀ ਗਈ। ਏ ਐਸ ਪੀ ਵੱਲੋਂ ਕਰਵਾਈ ਜਾਂਚ ਦੀ ਰਿਪੋਰਟ ਵਿੱਚ ਪੀੜਤਾ ਵੱਲੋਂ ਲਾਏ ਦੋਸ਼ਾਂ ਨੂੰ ਸਹੀ ਪਾਇਆ ਗਿਆ ਅਤੇ ਉਸਦੇ ਪਤੀ ਅਤੇ ਸਹੁਰੇ ਖ਼ਿਲਾਫ਼ ਥਾਣਾ ਭੋਗਪੁਰ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ।

## ਮਿਤਾਲੀ ਨੇ ਖੇਡ ਬਦਲੀ, ਅਸੀਂ ਨਜ਼ਰੀਆ ਬਦਲਾਂਗੇ-ਤਾਪਸੀ ਪੰਨੂ

ਮੁੰਬਈ-ਭਾਰਤ ਦੀ ਮਹਾਨ ਕ੍ਰਿਕਟ ਖਿਡਾਰਨ ਮਿਤਾਲੀ ਰਾਜ ਵੱਲੋਂ ਅੱਜ ਕ੍ਰਿਕਟ ਤੋਂ ਸੰਨਿਆਸ ਲੈਣ ਦੇ ਐਲਾਨ ਮਗਰੋਂ ਅਦਾਕਾਰਾ ਤਾਪਸੀ ਪੰਨੂ ਨੇ ਖਿਡਾਰਨ ਦੇ ਨਾਮ ਇਕ ਭਾਵੁਕ ਪੱਤਰ ਲਿਖਿਆ ਹੈ। ਜਾਣਕਾਰੀ ਅਨੁਸਰ ਤਾਪਸੀ ਪੰਨੂ ਮਿਤਾਲੀ ਰਾਜ ਬਾਰੇ ਆਉਣ ਵਾਲੀ ਫ਼ਿਲਮ 'ਸ਼ਾਬਾਸ਼ ਮਿੱਠੂ' ਵਿੱਚ ਮੁੱਖ ਕਿਰਦਾਰ ਨਿਭਾਅ ਰਹੀ ਹੈ। ਤਾਪਸੀ ਨੇ ਟਵਿੱਟਰ 'ਤੇ ਮਿਤਾਲੀ ਨਾਲ ਆਪਣੀ ਬਲੈਕ ਐਂਡ ਵ੍ਹਾਈਟ ਤਸਵੀਰ ਸਾਂਝੀ ਕਰਦਿਆਂ ਲਿਖਿਆ, "ਭਾਰਤੀ ਇੱਕ ਰੋਜ਼ਾ ਕ੍ਰਿਕਟ ਟੀਮ ਦੀ ਕਪਤਾਨ... ਮਿਤਾਲੀ ਅਜਿਹੀ ਇਕੋ-ਇੱਕ ਖਿਡਾਰਨ ਹੈ, ਜਿਸ ਨੇ ਚਾਰ ਵਿਸ਼ਵ ਕੱਪਾਂ ਵਿਚ ਭਾਰਤੀ ਟੀਮ ਦੀ ਅਗਵਾਈ ਕੀਤੀ ਅਤੇ ਇਨ੍ਹਾਂ 'ਚੋਂ ਦੋ ਵਾਰ ਟੀਮ ਫਾਈਨਲ ਤੱਕ ਪੁੱਜੀ। ਇਕ ਟੈਸਟ ਮੈਚ ਵਿੱਚ 200 ਦੌੜਾਂ ਬਣਾਉਣ ਵਾਲੀ ਮਹਾਨ ਖਿਡਾਰਨ।" ਇਕ ਹੋਰ ਪੋਸਟ ਵਿੱਚ ਅਦਾਕਾਰਾ ਨੇ ਮਿਤਾਲੀ ਰਾਜ ਨੂੰ ਹੈਸ਼ਟੈਗ ਕਰਦਿਆਂ ਕਿਹਾ, "ਤੁਸੀਂ ਖੇਡ ਨੂੰ ਬਦਲ ਦਿੱਤਾ ਹੈ ਤੇ ਹੁਣ ਸਾਡੀ ਨਜ਼ਰੀਆ ਬਦਲਣ ਦੀ ਵਾਰੀ ਹੈ।" ਜ਼ਿਕਰਯੋਗ ਹੈ ਕਿ ਫਿਲਮ 'ਸ਼ਾਬਾਸ਼ ਮਿੱਥੂ' 15 ਜੁਲਾਈ ਨੂੰ ਰਿਲੀਜ਼ ਹੋਵੇਗੀ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com




# ‘ਲੋ ਬਲੱਡ ਪ੍ਰੈਸ਼ਰ’ ਵੀ ਖ਼ਤਰਨਾਕ ਹੈ

ਸੁਜਾਤਾ ਨੂੰ ਅੱਜਕਲ੍ਹ ਦਫ਼ਤਰ ਵਿਚ ਚੰਗਾ ਹੀ ਨਹੀਂ ਲਗਦਾ ਸੀ। ਦਫ਼ਤਰ ਪਹੁੰਚਦੇ ਹੀ ਉਸ ਨੂੰ ਆਲਸ ਆਉਣ ਲਗਦਾ ਸੀ। ਲੰਚ ਵਿਚ ਉਸ ਦੀਆਂ ਅੱਖਾਂ ਨੀਂਦ ਨਾਲ ਬੋਝਲ ਹੋ ਜਾਂਦੀਆਂ ਸਨ ਅਤੇ ਘਰ ਪਹੁੰਚਦੇ-ਪਹੁੰਚਦੇ ਉਸ ਨੂੰ ਏਨੀ ਥਕਾਵਟ ਹੋ ਜਾਂਦੀ ਸੀ ਕਿ ਉਸ ਦਾ ਕੋਈ ਕੰਮ ਕਰਨ ਨੂੰ ਮਨ ਨਹੀਂ ਕਰਦਾ ਸੀ। ਆਸ਼ਾ ਨੂੰ ਇਕੱਲਿਆਂ ਜਿਊਣ ਦੀ ਆਦਤ ਪੈ ਚੁੱਕੀ ਸੀ। ਪਾਰਟੀਆਂ, ਵਿਆਹਾਂ ਆਦਿ ਵਿਚ ਵੀ ਜਾ ਕੇ ਉਹ ਉਦਾਸੀਨਤਾ ਦੀ ਚਾਦਰ ਪਾਈ ਰੱਖਦੀ ਸੀ। ਪਤੀ ਰਾਕੇਸ਼ ਦੇ ਜ਼ਿਆਦਾ ਦਬਾਅ ਪਾਉਣ ‘ਤੇ ਉਹ ਚਿੜਚਿੜੀ ਹੋ ਜਾਂਦੀ ਸੀ ਕਿ ਆਖਿਰ ਉਹ ਕਿਉਂ ਮੁਸਕਰਾਏ ? ਕਿਸੇ ਵੀ ਕੰਮ ਵਿਚ ਉਸ ਦੀ ਰੁਚੀ ਨਾ ਦੇ ਬਰਾਬਰ ਸੀ। ਆਸ਼ਾ ਅਤੇ ਸੁਜਾਤਾ ਦੀ ਸਥਿਤੀ ਲਗਭਗ ਇਕੋ ਜਿਹੀ ਹੈ। ਦੋਵੇਂ ਜਿਨ੍ਹਾਂ ਲੱਛਣਾਂ ਦੀ ਸ਼ਿਕਾਰ ਹਨ, ਡਾਕਟਰੀ ਭਾਸ਼ਾ ਵਿਚ ਉਸ ਨੂੰ ਅਸੀਂ ‘ਲੋ ਬਲੱਡ ਪ੍ਰੈਸ਼ਰ’ ਜਾਂ ‘ਘੱਟ ਖ਼ੂਨ ਦਬਾਅ’ ਦੇ ਨਾਂਅ ਨਾਲ ਜਾਣਦੇ ਹਾਂ।

### ਲੋ ਬਲੱਡ ਪ੍ਰੈਸ਼ਰ ਦੇ ਲੱਛਣ

ਥਕਾਨ, ਕਮਜ਼ੋਰੀ, ਉਦਾਸੀਨਤਾ, ਚਿੰਤਾ, ਕਿਸੇ ਕੰਮ ਵਿਚ ਮਨ ਨਾ ਲੱਗਣਾ, ਬੈਠੇ-ਬੈਠੇ ਝਪਕੀ ਆਉਣਾ, ਚੱਕਰ ਆਉਣਾ, ਸੌਂ ਕੇ ਉੱਠਣ ਤੋਂ ਬਾਅਦ ਵੀ ਥੱਕਿਆ-ਥੱਕਿਆ ਮਹਿਸੂਸ ਹੋਣਾ, ਪੇਟ ਵਿਚ ਜਲਣ, ਦਸਤ ਆਉਣਾ ਆਦਿ ਘੱਟ ਖ਼ੂਨ ਦਬਾਅ ਦੇ ਮੁੱਖ ਲੱਛਣ ਹਨ।



### ਲੋ ਬਲੱਡ ਪ੍ਰੈਸ਼ਰ ਹੋਣ ਦੇ ਕਾਰਨ

ਘੰਟਿਆਂ ਤੱਕ ਖੜ੍ਹੇ ਰਹਿਣ ਨਾਲ, ਧੁੱਪ ਵਿਚ ਲਗਾਤਾਰ ਚੱਕਰ ਲਗਾਉਂਦੇ ਰਹਿਣ ਨਾਲ, ਬਹੁਤ ਜ਼ਿਆਦਾ ਆਰਾਮ ਕਰਨ ਦੀ ਆਦਤ ਨਾਲ, ਸੂਰਜ ਦੀ ਰੌਸ਼ਨੀ ਦੀ ਘਾਟ ਨਾਲ ਜਾਂ ਬਾਹਰ ਦਾ ਬਣਿਆ ਹੋਇਆ ਗੰਦਾ ਭੋਜਨ ਖਾਣ ਨਾਲ ਵੀ ਅਸੀਂ ਲੋ ਬਲੱਡ ਪ੍ਰੈਸ਼ਰ ਦੇ ਸ਼ਿਕਾਰ ਹੋ ਜਾਂਦੇ ਹਾਂ। ਡਾਕਟਰਾਂ ਅਨੁਸਾਰ ਬਲੱਡ ਪ੍ਰੈਸ਼ਰ ਦੀ ਭੂਮਿਕਾ ਹੁੰਦੀ ਹੈ ਮਹੱਤਵਪੂਰਨ ਅੰਗਾਂ ਭਾਵ ਦਿਲ, ਦਿਮਾਗ ਅਤੇ ਗੁਰਦਿਆਂ ਨੂੰ ਸਹੀ ਮਾਤਰਾ ਵਿਚ ਖ਼ੂਨ ਪਹੁੰਚਾਉਣਾ। ਲੋਅ ਬਲੱਡ ਪ੍ਰੈਸ਼ਰ ਨਾਲ ਪੀੜਤ ਵਿਅਕਤੀ ਨੂੰ ਅਤਿਅੰਤ ਸਾਵਧਾਨੀ ਵਰਤਨੀ ਚਾਹੀਦੀ ਹੈ। ਇਸ ਤਰ੍ਹਾਂ ਦੇ ਵਿਅਕਤੀ ਦੀ ਦਿਲ ਦੀ ਧੜਕਨ ਕਦੋਂ ਰੁਕ ਜਾਵੇ, ਕਿਸੇ ਨੂੰ ਨਹੀਂ ਪਤਾ। ਜੇਕਰ ਰੋਗੀ ਥੋੜ੍ਹੀ ਜਿਹੀ ਸਾਵਧਾਨੀ ਨਾਲ ਚੱਲੇ ਤਾਂ ਲੋ ਬਲੱਡ ਪ੍ਰੈਸ਼ਰ ਤੋਂ ਬਚਿਆ ਜਾ ਸਕਦਾ ਹੈ। ਆਓ ਜਾਣੀਏ ਇਸ ਤਰ੍ਹਾਂ ਦੀਆਂ ਕੁਝ ਗੱਲਾਂ ਜਿਨ੍ਹਾਂ ਨੂੰ ਅਪਣਾ ਕੇ ਇਸ ਗੰਭੀਰ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

### ਖਾਣ-ਪੀਣ ‘ਤੇ ਧਿਆਨ ਦੇਣਾ

ਰੋਗੀ ਨੂੰ ਵਿਟਾਮਿਨ, ਲੋਹ ਅਤੇ ਚਰਬੀ ਨਾਲ ਭਰਪੂਰ ਭੋਜਨ ਕਰਨਾ ਚਾਹੀਦਾ। ਹਫਤੇ ਵਿਚ ਇਕ ਵਾਰ ਪੂਰੇ ਸਰੀਰ ਦੀ ਮਾਲਿਸ਼ ਕਰਨੀ ਚਾਹੀਦੀ ਹੈ, ਜਿਸ ਨਾਲ ਸਰੀਰ ਵਿਚ ਚੁਸਤੀ-ਫੁਰਤੀ ਬਰਕਾਰ ਰਹੇ। ਕਸਰਤ ਨਾਲੋਂ ਕਦੀ ਸੰਬੰਧ ਨਹੀਂ ਤੋੜਨਾ ਚਾਹੀਦਾ। ਹਰ ਰੋਜ਼ ਦਿਨ ਦੀ ਸ਼ੁਰੂਆਤ ਕੁਝ ਹਲਕੀਆਂ ਫੁਲਕੀਆਂ ਕਸਰਤਾਂ ਜਿਵੇਂ ਸਵੇਰ ਦੀ ਸੈਰ, ਤੇਜ਼ ਤੁਰਨਾ, ਰੱਸੀ ਟੱਪਣਾ ਅਤੇ ਕੁਝ ਯੋਗ ਆਸਣਾਂ ਜਿਵੇਂ ਪ੍ਰਾਣਾਯਾਮ ਆਦਿ ਦੇ ਨਾਲ ਕਰਨੀ ਚਾਹੀਦੀ ਹੈ। ਦਿਨ ‘ਚ ਜਿੰਨਾ ਹੋ ਸਕੇ, ਪਾਣੀ ਪੀਣਾ ਚਾਹੀਦਾ ਹੈ। ਚਾਹੋ ਤਾਂ ਨਿੰਬੂ ਵੀ ਮਿਲਾ ਸਕਦੇ ਹੋ। ਪਾਣੀ ਪੀਂਦੇ ਰਹਿਣ ਨਾਲ ਤੁਹਾਡੀ ਊਰਜਾ ਅਤੇ ਸ਼ਕਤੀ ਬਣੀ ਰਹੇਗੀ। ਸਭ ਤੋਂ ਆਖਰੀ ਅਤੇ ਮੁੱਖ ਗੱਲ ਹੈ ਚਿੰਤਾ ਤੋਂ ਜਿੰਨਾ ਹੋ ਸਕੇ ਬਚਣਾ। ਦੁੱਖ ਕਿਸ ਦੇ ਜੀਵਨ ਵਿਚ ਨਹੀਂ ਆਉਂਦਾ ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਤੁਸੀਂ ਆਪਣੇ ਆਪ ਨੂੰ ਸਿਰਫ਼ ਦੁੱਖਾਂ ਵਿਚ ਹੀ ਘਿਰੇ ਮਹਿਸੂਸ ਕਰਦੇ ਰਹੋ। ਯਾਦ ਰੱਖੋ ਜੀਵਨ ਬਹੁਤ ਛੋਟਾ ਹੈ, ਇਸ ਲਈ ਤੁਸੀਂ ਉਸ ਨੂੰ ਚਿੰਤਾਮੁਕਤ ਰਹਿ ਕੇ ਜੀਓ, ਜਿਸ ਨਾਲ ਲੋ ਬਲੱਡ ਪ੍ਰੈਸ਼ਰ ਜਾਂ ਇਸ ਤਰ੍ਹਾਂ ਦੀ ਕਿਸੇ ਵੀ ਬਿਮਾਰੀ ਤੋਂ ਤੁਸੀਂ ਬਚ ਸਕੋ।

ਸਭ ਤੋਂ ਆਖਰੀ ਅਤੇ ਮੁੱਖ ਗੱਲ ਹੈ ਚਿੰਤਾ ਤੋਂ ਜਿੰਨਾ ਹੋ ਸਕੇ ਬਚਣਾ। ਦੁੱਖ ਕਿਸ ਦੇ ਜੀਵਨ ਵਿਚ ਨਹੀਂ ਆਉਂਦਾ ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਤੁਸੀਂ ਆਪਣੇ ਆਪ ਨੂੰ ਸਿਰਫ਼ ਦੁੱਖਾਂ ਵਿਚ ਹੀ ਘਿਰੇ ਮਹਿਸੂਸ ਕਰਦੇ ਰਹੋ। ਯਾਦ ਰੱਖੋ ਜੀਵਨ ਬਹੁਤ ਛੋਟਾ ਹੈ, ਇਸ ਲਈ ਤੁਸੀਂ ਉਸ ਨੂੰ ਚਿੰਤਾਮੁਕਤ ਰਹਿ ਕੇ ਜੀਓ, ਜਿਸ ਨਾਲ ਲੋ ਬਲੱਡ ਪ੍ਰੈਸ਼ਰ ਜਾਂ ਇਸ ਤਰ੍ਹਾਂ ਦੀ ਕਿਸੇ ਵੀ ਬਿਮਾਰੀ ਤੋਂ ਤੁਸੀਂ ਬਚ ਸਕੋ।

**AMA CONCRETE**
*Commercial & Residential*

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

**J & S Insulation & Rebar Ltd.**



*Residential & Commercial*

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**
**Best Price**

**Sarbjit: 604.841.9849**

**SKY BLUE DRYWALL LTD.**
*Residential & Commercial*

T-Bar
Steel Stud
Boarding
Taping
Ceiling Texture
Renovation
Quality Work
Free Estimates



**Daljit Singh**
**778-549-3605**
E: singh.mand@icloud.com

# ਮੁੰਡਿਆਂ ਲਈ ਵੀ ਬਹੁਤਾ ਭਲਾ ਨਹੀਂ ਸਮਾਜ

**ਦਵੀ ਦਵਿੰਦਰ ਕੌਰ**

ਪੰਜਾਬ ਵਿੱਚ ਜਿੱਥੇ ਮਰਦਾਨਗੀ ਤੇ ਹਥਿਆਰਾਂ ਦਾ ਮੁਜ਼ਾਹਰਾ ਕਰਦੀਆਂ ਜਾਂ ਫਿਰ ਹੋਛੀ ਕਾਮੇਡੀ ਵਾਲੀਆਂ ਫਿਲਮਾਂ ਬਣਦੀਆਂ ਹਨ, ਉੱਥੇ 'ਜੱਗੀ' ਬੇਹੱਦ ਨਾਜ਼ੁਕ, ਪਰ ਅਤਿ ਗੰਭੀਰ ਮਸਲੇ ਦੀ ਬਾਤ ਆਉਂਦੀ ਹੈ। 'ਮਰਦ ਰੋਂਦੇ ਨਹੀਂ', 'ਮਰਦ ਡਰਦੇ ਨਹੀਂ'



ਜਿਹੀਆਂ ਧਾਰਨਾਵਾਂ ਵਾਲੇ ਸਮਾਜ ਵਿੱਚ ਇੱਕ ਸਕੂਲ ਪੜ੍ਹਦੇ ਗਭਰੇਟ ਉਮਰ ਵੱਲ ਵਧ ਰਹੇ ਲੜਕੇ ਦੀਆਂ ਸਰੀਰਕ ਸਬੰਧਾਂ ਨੂੰ ਲੈ ਕੇ ਕੀ ਸਮੱਸਿਆਵਾਂ ਹੋ ਸਕਦੀਆਂ ਹਨ? ਉਸ ਨਾਲ ਕਿਹੜੀ ਹੋਣੀ ਵਰਤ ਰਹੀ ਹੈ? ਇਹੋ ਜਿਹੇ ਸਵਾਲਾਂ 'ਤੇ ਹੁਣ ਤੱਕ ਪੰਜਾਬੀ ਸਮਾਜ ਚਰਚਾ ਕਰਨੋਂ ਕੰਨੀਂ ਕਤਰਾਉਂਦਾ ਰਿਹਾ ਹੈ। ਪੰਜਾਬੀ ਸਿਨਮਾ ਅਜਿਹੇ ਸੰਵੇਦਨਸ਼ੀਲ ਮੁੱਦੇ ਦੇ ਰੂ-ਬ-ਰੂ ਹੀ ਨਹੀਂ ਹੋਣਾ ਚਾਹੁੰਦਾ, ਪਰ ਜਿਵੇਂ ਜਿਵੇਂ ਨਵਾਂ ਪੋਚ ਆ ਰਿਹਾ ਹੈ, ਜਿਨ੍ਹਾਂ ਨੇ ਦੁਨੀਆ ਭਰ ਦੇ ਕਲਾ ਜਗਤ ਨੂੰ ਵਾਚਿਆ ਹੈ ਜਾਂ ਪੇਂਡੂ ਤੇ ਕਸਬਈ ਧਰਾਤਲ 'ਤੇ ਅਜਿਹੇ ਮਸਲੇ ਦੇਖੇ ਸੁਣੇ ਹਨ, ਉਨ੍ਹਾਂ ਵਿੱਚੋਂ ਕਈਆਂ ਕੋਲ ਇਸ 'ਤੇ ਗੱਲ ਕਰ ਸਕਣ ਦਾ ਜਿਗਰਾ ਤੇ ਵੱਲ ਹੈ। ਨੌਜਵਾਨ ਫਿਲਮ ਨਿਰਦੇਸ਼ਕ ਅਨਮੋਲ ਸਿੱਧੂ ਨੇ 'ਜੱਗੀ' ਰਾਹੀਂ ਮੁੰਡਿਆਂ ਦੇ ਇਸ ਦਰਦ ਨੂੰ ਛੋਹਿਆ ਹੈ। ਅਨਮੋਲ ਸਿੱਧੂ ਨੇ ਪੜ੍ਹਾਈ ਤਾਂ ਬਿਜ਼ਨਸ ਮੈਨੇਜਮੈਂਟ ਦੇ ਖੇਤਰ ਵਿੱਚ ਕੀਤੀ ਹੈ, ਪਰ ਰੰਗਮੰਚ ਤੇ ਸਿਨਮਾ ਨੂੰ ਉਸ ਨੇ ਆਪਣਾ ਕਰੀਅਰ ਚੁਣਿਆ ਹੈ।

ਅੱਠਵੀਂ ਜਮਾਤ ਵਿੱਚ ਪੜ੍ਹਦਾ ਜਗਦੀਪ ਸਿੰਘ ਉਰਫ਼ 'ਜੱਗੀ' ਚੁੱਪ ਕੀਤਾ ਜਿਹਾ ਬੱਚਾ ਹੈ। ਉਮਰ ਦੇ ਲਿਹਾਜ਼ ਨਾਲ ਉਸ ਦੇ ਸਕੂਲ ਦੇ ਮੁੰਡੇ ਅਧਿਆਪਕਾਵਾਂ ਦੇ ਜਿਸਮਾਂ ਬਾਰੇ ਤੇ ਆਪਣੇ ਬਾਰੇ ਗੁੱਝੇ ਜਿਹੇ ਢੰਗ ਨਾਲ ਗੱਲਾਂ ਕਰਦੇ ਮੁਸਕਰਾਉਂਦੇ, ਹੱਸਦੇ ਹਨ। ਹੌਲੀ ਹੌਲੀ ਇਹ ਸਾਹਮਣੇ ਆਉਂਦਾ ਹੈ ਕਿ ਇਹ ਚੁੱਪ ਕੀਤਾ ਲੜਕਾ ਸਰੀਰਕ ਪੱਖੋਂ ਬਹੁਤਾ ਸਮਰੱਥ ਨਹੀਂ ਹੈ। ਇੱਥੋਂ ਹੀ ਜੱਗੀ ਦੇ ਦੁੱਖਾਂ ਵਿੱਚ ਵਾਧਾ ਸ਼ੁਰੂ ਹੁੰਦਾ ਹੈ। ਆਪਣੀ ਇਸ 'ਤਥਾ ਕਥਿਤ' ਕਮਜ਼ੋਰੀ ਬਾਰੇ ਉਹ ਆਪਣੇ ਦੋਸਤ ਨੂੰ ਦੱਸਦਾ ਹੈ। ਦੋਸਤ ਅੱਗੇ ਸਾਰਿਆਂ ਵਿੱਚ ਉਸ ਦੀ ਗੱਲ ਫੈਲਾ ਕੇ ਉਸ ਨੂੰ ਸਮਲਿੰਗੀ ਤੇ ਛੱਕਾ ਕਰਾਰ ਦਿੰਦਾ ਹੈ। ਇਸ ਦੇ ਨਾਲ ਹੀ 13-14 ਸਾਲ ਦੇ ਇਸ ਲੜਕੇ ਦਾ ਜਿਨਸੀ ਸ਼ੋਸ਼ਣ ਸ਼ੁਰੂ ਹੋ ਜਾਂਦਾ ਹੈ। ਨੌਂਵੀਂ ਜਮਾਤ ਵਿੱਚ ਹਾਰ ਕੇ ਉਹ ਪੜ੍ਹਾਈ ਛੱਡ ਖੇਤੀ ਦੇ ਕੰਮ ਵਿੱਚ ਰੁੱਝ ਜਾਂਦਾ ਹੈ। ਵੱਡੇ ਹੋਏ ਨੂੰ ਘਰਦੇ ਵਿਆਹ ਲਈ ਮਜਬੂਰ ਕਰਦੇ ਹਨ, ਪਰ ਉਸ ਦੀ ਹੋਣੀ ਕੁਝ ਹੋਰ ਸੀ। ਲਗਾਤਾਰ ਤ੍ਰਿਸਕਾਰ ਝੱਲ ਰਹੇ ਇਸ ਲੜਕੇ ਦੀ ਮਨੋਦਸ਼ਾ ਪ੍ਰਗਟ ਕਰਨ ਲਈ ਨਿਰਦੇਸ਼ਕ ਨੇ ਖੇਤਾਂ ਦੀ ਸੁੰਨ-ਧੁੰਦ ਤੇ ਇਕੱਲ ਨੂੰ ਬੜੇ ਵਧੀਆ ਢੰਗ ਨਾਲ ਵਰਤਿਆ ਹੈ।

ਅਨਮੋਲ ਸਿੱਧੂ ਦਾ ਕਹਿਣਾ ਹੈ ਕਿ ਪੰਜਾਬ ਦਾ ਆਮ ਸਿਨਮਾ ਪੰਜਾਬੀਆਂ ਨੂੰ ਪੇਸ਼ ਆ ਰਹੇ ਅਸਲ ਸੰਕਟਾਂ ਤੇ ਮੁੱਦਿਆਂ ਦੀ ਤਾਂ ਚਰਚਾ ਹੀ ਨਹੀਂ ਕਰਨੀ ਚਾਹੁੰਦਾ। ਉਹਨੂੰ ਗਿਲਾ ਹੈ ਕਿ ਬਲਾਤਕਾਰ ਤੇ (ਭਾਵੇਂ ਔਰਤ ਨਾਲ ਭਾਵੇਂ ਮਰਦ ਨਾਲ) ਟਰਾਂਸਜੈਂਡਰ ਭਾਈਚਾਰਿਆਂ ਦੇ ਮਸਲਿਆਂ ਬਾਰੇ ਸੰਵਾਦ ਵਰਗਾ ਕੁਝ ਨਹੀਂ ਹੋ ਰਿਹਾ। ਉਹ ਪੰਜਾਬੀ 'ਚ ਲਗਾਤਾਰ ਬਣ ਰਹੀਆਂ ਕਾਮੇਡੀ ਫਿਲਮਾਂ ਬਾਰੇ ਆਖਦਾ ਹੈ ਕਿ ਜੇਕਰ ਕੋਈ ਕੌਮ ਇਹੋ ਜਿਹੀ ਕਾਮੇਡੀ ਵੱਲ ਤੁਰ ਪਵੇ ਤਾਂ ਇਹ ਨਿਰਾਸ਼ਾ ਵਾਲੀ ਗੱਲ ਹੈ। ਉਹ ਕਹਿੰਦਾ ਹੈ ਕਿ ਚੰਗੀ ਫਿਲਮ ਉਹ ਹੈ ਜੋ ਸਾਨੂੰ ਸੋਚਣ ਲਾਵੇ, ਪਰ ਪੰਜਾਬੀ ਸਿਨਮਾ ਕੀ ਕਰ ਰਿਹਾ ਹੈ? ਉਹ ਅਜਿਹਾ ਕਰਕੇ ਕੌਮ ਨਾਲ ਧ੍ਰੋਹ ਕਮਾ ਰਹੇ ਹਨ।

ਫਿਲਮ ਲਈ ਇਨਾ ਕਠਿਨ ਵਿਸ਼ਾ ਚੁਣਨ ਦੇ ਸਵਾਲ 'ਤੇ ਸਿੱਧੂ ਦੱਸਦਾ ਹੈ ਕਿ ਜਦੋਂ ਉਹ ਸਕੂਲ ਪੜ੍ਹਦਾ ਸੀ ਤਾਂ ਆਲੇ-ਦੁਆਲੇ ਇਹੋ ਜਿਹੇ ਬਹੁਤ ਕਿਰਦਾਰ ਮਿਲਦੇ ਸਨ। ਮੁੰਡਿਆਂ ਦੇ ਸਕੂਲਾਂ ਵਿੱਚ ਇਹੋ ਜਿਹਾ ਬੜਾ ਕੁਝ ਵਾਪਰਦਾ ਸੀ। ਦੁੱਖ ਇਸ ਗੱਲ ਦਾ ਹੈ ਕਿ ਸਾਡਾ ਸਮਾਜ ਇਨਾ ਸਿਆਣਾ ਨਹੀਂ ਹੋ ਰਿਹਾ ਕਿ ਇਸ ਵੇਦਨਾ ਨੂੰ ਸਮਝ ਸਕੇ। ਉਹ ਇਹ ਵੀ ਆਖਦਾ ਹੈ ਕਿ ਸਮਾਜ ਮੁੰਡਿਆਂ ਲਈ ਵੀ ਬਹੁਤਾ ਭਲਾ ਨਹੀਂ ਹੈ। ਫਿਲਮ ਵਿੱਚ ਨਾਇਕ ਨੂੰ 'ਸਮਲਿੰਗੀ' ਸਮਝ ਲਿਆ ਗਿਆ, ਜਦੋਂਕਿ ਉਹ ਅਸਲ ਵਿੱਚ ਨਹੀਂ ਸੀ ਤੇ ਜਿਹੜੇ ਲੋਕ ਸਚਮੁੱਚ 'ਸਮਲਿੰਗੀ' ਹਨ, ਉਨ੍ਹਾਂ ਨਾਲ ਕੀ ਬੀਤਦੀ ਹੋਵੇਗੀ? ਅਨਮੋਲ ਅਨੁਸਾਰ ਫਿਲਮ ਦੀ ਕਹਾਣੀ ਆਲੇ-ਦੁਆਲੇ ਵਾਪਰੀਆਂ ਸੱਚੀਆਂ ਘਟਨਾਵਾਂ 'ਤੇ ਆਧਾਰਿਤ ਹੈ। ਅਜਿਹੇ ਵਿਸ਼ੇ 'ਤੇ ਫਿਲਮ ਬਣਾਉਣ ਵਿੱਚ ਉਸ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਕੋਈ ਵੀ ਲੜਕੀ ਫਿਲਮ ਵਿੱਚ ਭੂਮਿਕਾ ਕਰਨ ਲਈ ਤਿਆਰ ਨਹੀਂ ਸੀ ਹਾਲਾਂਕਿ ਪ੍ਰਤੱਖ ਤੌਰ 'ਤੇ ਫਿਲਮ ਵਿੱਚ ਅਜਿਹਾ ਕੋਈ ਦ੍ਰਿਸ਼ ਨਹੀਂ। ਉਸ ਦਾ ਮੰਨਣਾ ਹੈ ਕਿ ਅਜਿਹੇ ਵਿਸ਼ੇ ਲੈਣ ਨਾਲ ਸਮਾਜ ਅਜਿਹੇ ਲੋਕਾਂ ਪ੍ਰਤੀ ਸੰਵੇਦਨਸ਼ੀਲ ਹੋਵੇਗਾ। ਆਪਣੇ ਪਿੰਡਾਂ ਵੱਲ ਉਸ ਨੇ ਇਹ ਫਿਲਮ ਆਮ ਲੋਕਾਂ ਨੂੰ ਦਿਖਾਈ। ਫਿਲਮ ਦੇਖਣ ਵਾਲੇ ਜਿਹੜੇ ਵਿਅਕਤੀ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਦੇ ਰਹੇ ਸਨ, ਉਹ ਇਹ ਫਿਲਮ ਦੇਖ ?ਕੇ ਰੋ ਪਏ।

ਧਰੁਵ ਬਖ਼ਸ਼ੀ ਨਿਰਮਾਤਾ ਹੈ। ਪ੍ਰਦੀਪ ਟੈਨਾ ਇਸ ਫਿਲਮ ਦਾ ਸਿਨਮੈਟੋਗ੍ਰਾਫਰ ਤੇ ਸਹਿ ਨਿਰਮਾਤਾ ਹੈ। ਫਿਲਮ ਦੇ ਖਰਚੇ ਘਟਾਉਣ ਲਈ ਫਿਲਮ ਦੀ ਸ਼ੂਟਿੰਗ ਅਨਮੋਲ ਦੇ ਨਾਨਕੇ ਤੇ ਆਪਣੇ ਘਰ ਤੇ ਖੇਤਾਂ ਵਿੱਚ ਕੀਤੀ ਗਈ। ਫਿਲਮ ਦੇ ਨਾਇਕ ਰਮਨੀਸ਼ ਚੌਧਰੀ ਨੇ ਇਹ ਚੁਣੌਤੀ ਭਰਪੂਰ ਭੂਮਿਕਾ ਬਹੁਤ ਖੂਬ ਕੇ ਨਿਭਾਈ ਹੈ। ਅਜੇ ਇਹ ਫਿਲਮ ਹੋਰ ਕੌਮਾਂਤਰੀ ਮੇਲਿਆਂ ਵਿੱਚ ਭੇਜੀ ਗਈ ਹੈ। ਸਾਲ ਦੇ ਅਖੀਰ ਤੱਕ ਇਹ ਪੰਜਾਬੀ ਦਰਸ਼ਕਾਂ ਦੇ ਸਾਹਵੇਂ ਹੋ ਸਕਦੀ ਹੈ।

## ਸਹੁਰੇ ਘਰ ਨੂੰ ਫੂਕਣ ਵਾਲਾ ਜਵਾਈ ਕਾਬੂ

ਖਰੜ-ਸੰਨੀ ਐਨਕਲੇਵ ਪੁਲਸ ਨੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਉੱਤੇ ਆਪਣੇ ਸਹੁਰੇ ਘਰ ਨੂੰ ਅੱਗ ਲਾਉਣ ਦਾ ਦੋਸ਼ ਹੈ। ਪੁਲਸ ਵੱਲੋਂ ਹਿਰਾਸਤ ਵਿੱਚ ਲਏ ਦੋਸ਼ੀ ਨੂੰ ਅਦਾਲਤ ਦੇ ਹੁਕਮਾਂ ਉੱਤੇ 14 ਦਿਨਾਂ ਦੇ ਜੁਡੀਸ਼ੀਅਲ ਰਿਮਾਂਡ ਉੱਤੇ ਜੇਲ੍ਹ ਭੇਜਿਆ ਗਿਆ ਹੈ। ਕੇਸ ਦੇ ਜਾਂਚ ਅਫਸਰ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਹਰਕੇਸ਼ ਨਾਂ ਦੇ ਨੌਜਵਾਨ ਦਾ ਮਹਿਕ ਨਗਰ ਖਰੜ ਦੀ ਰਹਿਣ ਵਾਲੀ ਇੱਕ ਲੜਕੀ ਨਾਲ ਵਿਆਹ ਹੋਇਆ ਸੀ। ਕਿਉਂਕਿ ਉਹ ਆਪਣੀ ਘਰਵਾਲੀ ਨੂੰ ਬਿਨ੍ਹਾਂ ਵਜ੍ਹਾ ਤੰਗ ਕਰਦਾ ਸੀ, ਇਸ ਲਈ ਪਤਨੀ ਉਸ ਨੂੰ ਛੱਡ ਕੇ ਮਾਪਿਆਂ ਕੋਲ ਰਹਿਣ ਲੱਗ ਪਈ। ਇਸ ਦੇ ਬਾਵਜੂਦ ਉਸ ਦਾ ਪਤੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਇਆ ਅਤੇ ਉਸ ਨੂੰ ਉਥੇ ਵੀ ਤੰਗ ਕਰਦਾ ਰਿਹਾ।ਉਸ ਦੀਆਂ ਇਨ੍ਹਾਂ ਹਰਕਤਾਂ ਕਾਰਨ ਉਸ ਦੀ ਪਤਨੀ ਉਸ ਨਾਲ ਜਾਣ ਤੋਂ ਇਨਕਾਰ ਕਰਦੀ ਰਹੀ ਅਤੇ ਡਰ ਕੇ ਪੇਕੇ ਘਰ ਦੇ ਮੈਂਬਰਾਂ ਨਾਲ ਘਰ ਨੂੰ ਤਾਲਾ ਲਾ ਕਿਤੇ ਹੋਰ ਚਲੀ ਗਈ। ਅਧਿਕਾਰੀ ਨੇ ਦੱਸਿਆ ਕਿ ਜੁਲਾਈ 2021 ਵਿੱਚ ਹਰਕੇਸ਼ ਫਿਰ ਆਪਣੀ ਪਤਨੀ ਨੂੰ ਲਿਜਾਣ ਲਈ ਇੱਥੇ ਖਰੜ ਆਇਆ ਪਰ ਉਥੇ ਘਰ ਨੂੰ ਜਿੰਦਾ ਲੱਗਾ ਦੇਖ ਕੇ ਗੁੱਸੇ ਵਿੱਚ ਸਹੁਰੇ ਘਰ ਨੂੰ ਅੱਗ ਲਾ ਦਿੱਤੀ ਤੇ ਫ਼ਰਾਰ ਹੋ ਗਿਆ। ਇਸ ਕਾਰਨ ਘਰ ਦਾ ਸਾਰਾ ਸਾਮਾਨ ਸੜ ਗਿਆ।ਇਸ ਘਟਨਾ ਬਾਰੇ ਪਤਾ ਲੱਗਦਿਆਂ ਲੜਕੀ ਅਤੇ ਉਸ ਦੇ ਮਾਪਿਆਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ, ਜਿਸ ਉੱਤੇ ਪੁਲਸ ਨੇ ਦੋਸ਼ੀ ਵਿਰੁੱਧ ਕੇਸ ਦਰਜ ਕਰ ਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ। ਉਹ ਲਗਾਤਾਰ ਪੁਲਸ ਦੀ ਪਕੜ ਤੋਂ ਬਾਹਰ ਸੀ, ਜੋ ਬੀਤੇ ਕੱਲ੍ਹ ਪੁਲਸ ਦੇ ਹੱਥੀਂ ਚੜ੍ਹ ਗਿਆ।

## ਉਧਾਰ ਪੈਸੇ ਨਾ ਦੇਣ ਉਤੇ ਦੋਸਤ ਦਾ ਕਤਲ

ਨਿਹਾਲ ਸਿੰਘ ਵਾਲਾ-ਪਿੰਡ ਸੱਦਾ ਸਿੰਘ ਵਾਲਾ ਵਿੱਚ ਦੇਰ ਸ਼ਾਮ ਦੁਕਾਨ ਤੋਂ ਸਾਮਾਨ ਲੈਣ ਗਏ ਬਲਜੀਤ ਸਿੰਘ ਸੋਨੀ ਦਾ ਉਸ ਦੇ ਦੋਸਤ ਨੇ ਕਤਲ ਕਰ ਦਿੱਤਾ। ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਬਲਜੀਤ ਸਿੰਘ ਘਰ ਦੇ ਨੇੜੇਦੁਕਾਨ ਤੋਂ ਸਾਮਾਨ ਲੈਣ ਗਿਆ ਸੀ। ਇੱਥੇ ਉਸ ਦੇ ਦੋਸਤ ਪਰਗਟ ਸਿੰਘ ਨੇ ਉਸ ਤੋਂ ਹੁਦਾਰੇ ਪੈਸਿਆਂ ਦੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਪਰਗਟ ਪਹਿਲਾਂ ਵੀ ਬਲਜੀਤ ਤੋਂ ਹੁਦਾਰੇ ਪੈਸੇ ਲੈ ਜਾਂਦਾ ਸੀ। ਇਸ ਵਾਰ ਬਲਜੀਤ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਦੋਸ਼ੀ ਨੇ ਤੇਜ਼ਧਾਰ ਹਥਿਆਰ ਨਾਲ ਬਲਜੀਤ ਸਿੰਘ ਦੀ ਗਰਦਨ ਤੇ ਛਾਤੀ ਉਪਰ ਚਾਕੂ ਮਾਰ ਦਿੱਤੇ।ਮ੍ਰਿਤਕ ਦੇ ਚਚੇਰੇ ਭਰਾ ਸੁਰਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਦੋਵਾਂ ਨੂੰ ਝਗੜਦੇ ਦੇਖਿਆ ਤਾਂ ਉਹ ਭੱਜ ਕੇ ਕੋਲ ਗਏ, ਪਰ ਦੋਸ਼ੀ ਨੇ ਬਲਜੀਤ ਉਪਰ ਤੇਜ਼ਧਾਰ ਚਾਕੂ ਨਾਲ ਕਈ ਵਾਰ ਕਰ ਦਿੱਤੇ ਸਨ। ਜਦੋਂ ਉਹ ਜ਼ਖਮੀ ਹਾਲਤ ਵਿੱਚ ਬਲਜੀਤ ਸਿੰਘ ਨੂੰ ਸਿਵਲ ਹਸਪਤਾਲ ਮੋਗਾ ਵਿੱਚ ਲੈ ਕੇ ਗਏ ਤਾਂ ਉਹ ਤੋੜ ਗਿਆ। ਸਿਵਲ ਹਸਪਤਾਲ ਪੁੱਜੇ ਜਾਂਚ ਅਧਿਕਾਰੀ ਜਸਵੰਤ ਸਿੰਘ ਨੇ ਕਿਹਾ ਕਿ ਰਾਤ ਅੱਠ ਵਜੇ ਦੇ ਕਰੀਬ ਬਲਜੀਤ ਸਿੰਘ ਤੇ ਹਮਲਾਵਰ ਪਰਗਟ ਸਿੰਘ ਦਾ ਪੈਸੇ ਦੇ ਦੇਣ-ਲੈਣ ਤੋਂ ਝਗੜਾ ਹੋ ਗਿਆ ਸੀ। ਇਸ ਦੌਰਾਨ ਪਰਗਟ ਸਿੰਘ ਵੱਲੋਂ ਕੀਤੇ ਹਮਲੇ ਕਾਰਨ ਬਲਜੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਦੇ ਚਚੇਰੇ ਭਰਾ ਦੇ ਬਿਆਨਾਂ ਦੇ ਆਧਾਰ ਉੱਤੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।






# 'ਬਵਾਲ' ਕਰਨ ਨੂੰ ਤਿਆਰ ਹਨ ਵਰੁਣ-ਜਾਹਨਵੀ



ਵਰੁਣ ਧਵਨ ਅਤੇ ਜਾਹਨਵੀ ਕਪੂਰ ਦੀ ਫਿਲਮ 'ਬਵਾਲ' ਦੀ ਸ਼ੂਟਿੰਗ ਲਖਨਊ ਵਿੱਚ ਸ਼ੁਰੂ ਹੋ ਚੁੱਕੀ ਹੈ। ਇਸ ਨੂੰ 'ਦੰਗਲ' ਫੇਮ ਡਾਇਰੈਕਟਰ ਨਿਤੇਸ਼ ਤਿਵਾੜੀ ਡਾਇਰੈਕਟਰ ਕਰ ਰਹੇ ਹਨ। ਸਾਜਿਦ ਨਾਡਿਆਡਵਾਲ ਇਸ ਨੂੰ ਪ੍ਰੋਡਿਊਸ ਕਰ ਰਹੇ ਹਨ। ਲਖਨਊ ਸਮੇਤ ਭਾਰਤ ਵਿੱਚ ਤਿੰਨ ਵੱਖ-ਵੱਖ ਸਥਾਨਾਂ ਦੇ ਇਲਾਵਾ ਇਸ ਫਿਲਮ ਨੂੰ ਭਾਰਤ ਦੇ ਬਾਹਰ ਪੈਰਿਸ ਅਤੇ ਹੋਰ ਚਾਰ ਯੂਰਪਅਨ ਦੇਸ਼ਾਂ ਦੀ ਲੋਕੇਸ਼ਨਾਂ ਉਤੇ ਸ਼ੂਟ ਕੀਤਾ ਜਾਏਗਾ। ਇਹ ਲਵ ਸਟੋਰੀ ਹੋਵੇਗੀ। 'ਬਵਾਲ' ਵਿੱਚ ਪਹਿਲੀ ਵਾਰ ਵਰੁਣ ਧਵਨ ਤੇ ਜਾਹਨਵੀ ਕਪੂਰ ਦੀ ਜੋੜੀ ਰੋਮਾਂਸ ਕਰਦੀ ਨਜ਼ਰ ਆਏਗੀ। ਇਸ ਫਿਲਮ ਬਾਰੇ ਦਰਸ਼ਕਾਂ ਦੀ ਕਾਫੀ ਉਤਸੁਕਤਾ ਹੈ।ਇਸ ਫਿਲਮ ਨੂੰ ਅਪ੍ਰੈਲ 2023 ਵਿੱਚ ਰਿਲੀਜ਼ ਕੀਤਾ ਜਾਏਗਾ। ਵਰੁਣ ਧਵਨ ਮਸ਼ਹੂਰ ਫਿਲਮ ਡਾਇਰੈਕਟਰ ਡੇਵਿਡ ਧਵਨ ਦੇ ਛੋਟੇ ਬੇਟੇ ਹਨ। ਵਰੁਣ ਧਵਨ ਇਸ ਵੇਲੇ 'ਭੇੜੀਆ' ਦੀ ਸ਼ੂਟਿੰਗ ਕਰ ਰਹੇ ਹਨ। ਇਸ ਵਿੱਚ ਉਸ ਦੇ ਆਪੋਜ਼ਿਟ ਕ੍ਰਿਤੀ ਸਨਨ ਨਜ਼ਰ ਆਏਗੀ।

MORTGAGE
Get Interest Rates as low as
3.15%*
5 YEARS VARIABLE CLOSED
*Conditions Apply. Rates subject to change without notice. It is for the Principal house.
GET CASH BACK UP TO $4000*

Superior Mortgage
Unit 244-8138-128 Street, Surrey
604 507 1000
Our Symbol of Care & Service



• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR

- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com


# ਇੰਦਰਾ ਗਾਂਧੀ ਬਾਰੇ ਬਹੁਤ ਕੁਝ ਪੜ੍ਹ ਰਹੀ ਹਾਂ-ਫਾਤਿਮਾ ਸਨਾ



ਕਿਸੇ ਅਸਲ ਵਿਅਕਤੀ ਦਾ ਕਿਰਦਾਰ ਸਕਰੀਨ ਉੱਤੇ ਨਿਭਾਉਣਾ ਕਲਾਕਾਰਾਂ ਲਈ ਸੌਖਾ ਨਹੀਂ ਹੁੰਦਾ। ਜਦ ਗੱਲ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਰਗੇ ਸ਼ਕਤੀਸ਼ਾਲੀ ਹਸਤੀ ਦੀ ਹੋਵੇ ਤਾਂ ਇਹ ਕੰਮ ਹੋਰ ਮੁਸ਼ਕਲ ਹੋ ਜਾਂਦਾ ਹੈ, ਕਿਉਂਕਿ ਉਨ੍ਹਾਂ ਦੇ ਲਹਿਜ਼ੇ ਤੇ ਹਸਤੀ ਤੋਂ ਲੱਖਾਂ ਲੋਕ ਜਾਣੂ ਹਨ। 'ਦੰਗਲ' ਅਤੇ 'ਲੂਡੋ' ਫਿਲਮਾਂ ਦੀ ਅਭਿਨੇਤਰੀ ਫਾਤਿਮਾ ਸਨਾ ਸ਼ੇਖ਼ ਅਗਲੀ ਫਿਲਮ 'ਸੈਮ ਬਹਾਦਰ' ਵਿੱਚ ਇੰਦਰਾ ਗਾਂਧੀ ਦਾ ਕਿਰਦਾਰ ਕਰੇਗੀ। ਮੇਘਨਾ ਗੁਲਜ਼ਾਰ ਦੇ ਨਿਰਦੇਸ਼ਨ ਵਾਲੀ ਇਹ ਫਿਲਮ ਸਾਬਕਾ ਫੀਲਡ ਮਾਰਸ਼ਲ ਸੈਮ ਮਾਨੇਕਸ਼ਾਅ ਦੀ ਜ਼ਿੰਦਗੀ ਉੱਤੇ ਹੈ। ਵਿੱਕੀ ਕੌਸ਼ਲ ਸੈਮ ਮਾਨੇਕਸ਼ਾਅ ਤੇ ਅਭਿਨੇਤਰੀ ਸਾਨਿਆ ਮਲਹੋਤਰਾ ਉਨ੍ਹਾਂ ਦੀ ਪਤਨੀ ਸੀਲੂ ਮਾਨੇਕਸ਼ਾਅ ਦਾ ਕਿਰਦਾਰ ਨਿਭਾਅ ਰਹੀ ਹੈ। ਇਸ ਫਿਲਮ ਬਾਰੇ ਫਾਤਿਮਾ ਨੇ ਕਿਹਾ, "ਮੈਂ ਸਿਰਫ ਮੇਘਨਾ ਦੇ ਕਾਰਨ ਇਸ ਫਿਲਮ ਲਈ ਉਤਸ਼ਾਹਤ ਹਾਂ। ਉਨ੍ਹਾਂ ਨਾਲ ਮੀਟਿੰਗ ਦੌਰਾਨ ਮੈਂ ਜਾਣਿਆ ਕਿ ਉਹ ਬਹੁਤ ਸੰਵੇਦਨਸ਼ੀਲ ਅਤੇ ਜਾਣਕਾਰ ਮਹਿਲਾ ਹੈ। ਉਹ ਆਪਣੇ ਕਿਰਦਾਰਾਂ ਨੂੰ ਬਹੁਤ ਗੰਭੀਰਤਾ ਨਾਲ ਜਾਣਦੀ ਹੈ। ਮੈਨੂੰ ਹਮੇਸ਼ਾ ਤੋਂ ਫਿਲਮ ਨਿਰਮਾਣ ਬਾਰੇ ਜਾਨਣ ਦੀ ਦਿਲਚਸਪੀ ਰਹੀ ਹੈ ਤੇ ਇਸ ਦੇ ਲਈ ਮੇਘਨਾ ਨਾਲ ਕੰਮ ਕਰਨ ਤੋਂ ਵਧੀਆ ਹੋਰ ਕੀ ਹੋ ਸਕਦਾ ਹੈ। ਅਜੇ ਅਸੀਂ ਇਸ ਫਿਲਮ ਦੇ ਲਈ ਇੱਕ ਲੁਕ ਟੈਸਟ ਕੀਤਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬਾਰੇ ਜਾਨਣ ਲਈ ਉਨ੍ਹਾਂ ਦੀ ਇੰਟਰਵਿਊ ਦੇਖਦੀ ਹਾਂ ਅਤੇ ਕਈ ਚੀਜ਼ਾਂ ਪੜ੍ਹ ਰਹੀ ਹਾਂ, ਜਿਸ ਵਿੱਚ ਉਨ੍ਹਾਂ ਦੇ ਬਚਪਨ ਨਾਲ ਜੁੜੀਆਂ ਵੀ ਕਈ ਚੀਜ਼ਾਂ ਸ਼ਾਮਲ ਹਨ।

# ਇੰਝ ਮਿਲੀ ਸੀ ਮਾਨੁਸ਼ੀ ਨੂੰ 'ਸਮਰਾਟ ਪ੍ਰਿਥਵੀਰਾਜ'



ਬਾਲੀਵੁੱਡ ਵਿੱਚ ਡੈਬਿਊ ਕਰ ਰਹੀ ਅਭਿਨੇਤਰੀ ਮਾਨੁਸ਼ੀ ਛਿੱਲਰ ਨੇ 'ਸਮਰਾਟ ਪ੍ਰਿਥਵੀਰਾਜ' ਵਿੱਚ ਸਿੰਪਲੀਸਿਟੀ, ਸੁੰਦਰਤਾ ਅਤੇ ਐਕਟਿੰਗ ਦੇ ਦਮ ਉਤੇ ਸਾਰਿਆਂ ਦਾ ਦਿਲ ਜਿੱਤ ਲਿਆ ਹੈ। ਉਸ ਦਾ ਦਿਲਚਸਪ ਕਿੱਸਾ ਹੈ ਕਿ ਕਿਵੇਂ ਉਸ ਨੇ ਆਪਣੇ ਆਡੀਸ਼ਨ ਵੇਲੇ ਸਾਰਿਆਂ ਨੂੰ ਇੰਪ੍ਰੈਸ ਕਰ ਕੇ ਰੋਲ ਹਾਸਲ ਕੀਤਾ ਸੀ, ਕਿਉਂਕਿ ਉਸ ਨੇ 'ਬਾਜੀਰਾਓ ਮਸਤਾਨੀ' ਫਿਲਮ ਤੋਂ ਬੇਹੱਦ ਖ਼ੂਬਸੂਰਤ ਦੀਪਿਕਾ ਪਾਦੁਕੋਣ ਦਾ ਇੱਕ ਸੀਨ ਕਰ ਕੇ ਦਿਖਾਇਆ ਸੀ। 'ਸਮਰਾਟ ਪ੍ਰਿਥਵੀਰਾਜ' ਵਿੱਚ ਰਾਜ ਕੁਮਾਰੀ ਸੰਯੋਗਤਾ ਦੀ ਭੂਮਿਕਾ ਕਰ ਰਹੀ ਮਾਨੁਸ਼ੀ ਕਹਿੰਦੀ ਹੈ, "ਸਮਰਾਟ ਪ੍ਰਿਥਵੀਰਾਜ ਚੌਹਾਨ ਦੇ ਜੀਵਨ ਤੇ ਉਨ੍ਹਾਂ ਦੇ ਸਾਹਸ ਤੇ ਬਹਾਦਰੀ ਬਾਰੇ ਬਣੀ ਇਸ ਫਿਲਮ ਵਿੱਚ ਮੇਰੇ ਡੈਬਿਊ ਨਾਲ ਜੁੜੀ ਹਰ ਚੀਜ਼ ਬੇਹੱਦ ਖਾਸ ਹੈ। ਮੈਨੂੰ ਯਾਦ ਹੈ ਕਿ ਮੈਂ ਫਿਲਮ ਲਈ ਸਭ ਤੋਂ ਮੁਸ਼ਕਲ ਤੇ ਚੁਣੌਤੀਪੂਰਨ ਆਡੀਸ਼ਨ ਦਿੱਤਾ ਸੀ ਕਿਉਂਕਿ ਮੈਨੂੰ ਦੀਪਿਕਾ ਪਾਦੁਕੋਣ ਦਾ 'ਬਾਜੀਰਾਓ ਮਸਤਾਨੀ' ਵਿੱਚੋਂ ਇੱਕ ਸੀਨ ਪ੍ਰਫਾਰਮ ਕਰਨ ਨੂੰ ਮਿਲਿਆ ਸੀ। ਮੈਨੂੰ ਪਤਾ ਪ੍ਰਿਥਵੀਰਾਜ ਨੂੰ ਪਾਉਣ ਲਈ ਮੈਨੂੰ ਇਸ ਸੀਨ ਨੂੰ ਬਿਹਤਰੀਨ ਢੰਗ ਨਾਲ ਕਰ ਕੇ ਦਿਖਾਉਣਾ ਪਵੇਗਾ। ਸ਼ੁਕਰ ਹੈ ਕਿ ਆਦਿ ਸਰ, ਮੇਰੇ ਡਾਇਰੈਕਟਰ ਚੰਦਰਪ੍ਰਕਾਸ਼ ਜੀ, ਸ਼ਾਨੂੰ ਸ਼ਰਮਾ ਅਤੇ ਵਾਈ ਆਰ ਐੱਫ ਦੀ ਟੀਮ ਮੇਰੀ ਉਸ ਕੋਸ਼ਿਸ਼ ਤੋਂ ਪ੍ਰਭਾਵਤ ਹੋਈ ਸੀ। ਪ੍ਰਿਅੰਕਾ ਚੋਪੜਾ ਵੱਲੋਂ ਦੇਸ਼ ਲਈ ਮਿਸ ਵਰਲਡ ਦਾ ਤਾਜ ਜਿੱਤਣ ਦੇ 17 ਸਾਲ ਬਾਅਦ ਇਹ ਹੀ ਖਿਤਾਬ ਹਾਸਲ ਕਰਨ ਵਾਲੀ ਮਾਨੁਸ਼ੀ ਅੱਗੇ ਦੱਸਦੀ ਹੈ, "ਆਡੀਸ਼ਨ ਦੇ ਬਾਅਦ ਮੈਨੂੰ ਫੋਨ ਆਇਆ ਅਤੇ ਦੱਸਿਆ ਗਿਆ ਕਿ ਮੇਰਾ ਇਹ ਡੈਬਿਊ ਤੈਅ ਹੋ ਚੁੱਕਾ ਹੈ। ਮੇਰੀ ਖ਼ੁਸ਼ੀ ਦਾ ਟਿਕਾਣਾ ਨਹੀਂ ਸੀ। ਇਸ ਗੱਲ ਉਤੇ ਮੋਹਰ ਲੱਗ ਚੁੱਕੀ ਸੀ ਕਿ ਜੇ ਮੈਂ ਆਪਣਾ ਬੈਸਟ ਕਰਾਂ ਅਤੇ ਖੁਦ ਨੂੰ ਚੰਗੀ ਅਭਿਨੇਤਰੀ ਬਣਾਉਣ ਲਈ ਆਪਣੀ ਐਕਟਿੰਗ ਸਕਿਲਸ ਨੂੰ ਲਗਾਤਾਰ ਸੁਧਾਰਦੀ ਜਾਵਾਂ ਤਾਂ ਮੈਂ ਇਸ ਇੰਡਸਟਰੀ ਵਿੱਚ ਆਪਣੇ ਸੁਫਨਿਆਂ ਪੂਰਾ ਕਰਨ ਦੀ ਕੋਸ਼ਿਸ਼ ਕਰ ਸਕਦੀ ਹਾਂ।

ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417

5-8430 128TH ST.
SURREY, BC
V3W 4G3

| | |
|---|---|
| MON-FRI | 8 AM - 8 PM |
| SATURDAY | 9 AM - 6 PM |
| SUNDAY | 9 AM - 5 PM |

VANCOUVER
(604) 325 - 1241
FAX (604) 325-1414

4038 KNIGHT ST.
VANCOUVER, BC
V5N 5Y7

| | |
|---|---|
| MON-FRI | 9 AM - 8 PM |
| SATURDAY | 9 AM - 5 PM |
| SUNDAY | 9 AM - 5 PM |

ICBC autoplan

OPEN 7 DAYS

www.goldkeyinsurance.ca


Rajan MANGOES
AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
Roma & Round Tomatoes
ਗੋਲ ਜਾਂ ਰੋਮਾ ਟਮਾਟਰ
$1.29 lb
Extra Extra Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.49 ea.
Shana Original Parantha 1200 g
ਸਹਾਨਾ ਉਰੀਜਨਲ ਪਰਾਠਾ
$7.99 pkg.
Extra Super Super Special
Fresh Ginger
ਤਾਜਾ ਅਦਰਕ
98¢ lb
Maggi Masala Noodles 280 g
ਮੈਗੀ ਮਸਾਲਾ ਨੂਡਲਜ਼
$1.49 pkg.
Super Special
Okra
ਭਿੰਡੀ
$2.88 lb
Super Special
Spinach
ਪਾਲਕ
99¢ bunch
Almonds Supreme #1
ਬਦਾਮ ਪ੍ਰੀਮੀਅਮ ਸਾਈਜ਼ ੧
$3.98 lb
Super Special
Seedless Watermelons
ਬਿਨਾਂ ਬੀਜ ਹਦਵਾਣਾ
59¢ lb
Super Special
Cilantro
ਧਣੀਆ
2 bunches for 98¢
Fresh Garlic
ਤਾਜਾ ਲਸਣ
99¢ lb
Super Special
Chickpeas, Chana Dal, & Red Lentil Whole 4 lbs (Indican)
ਚਿਟੇ ਛੋਲੇ, ਚਨੇ ਦੀ ਦਾਲ, ਮਸਰਾ ਦੀ ਸਾਬਤ ਦਾਲ ਅਤੇ ਕਾਲੇ ਛੋਲੇ (ਇੰਡੀਕੇਨ)
$3.88 bag
Super Special
Peaches
ਆੜੂ
$1.88 lb
Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle
Super Special
Russet Potatoes 10 lbs
ਆਲੂ ਰਸਟ ਸਨੋਬੁਆਏ
$3.49 bag
Rapini (Sarson da Saag)
ਸਰਸੋਂ ਦਾ ਸਾਗ
$2.69 bunch
Daikon (Mooli)
ਮੂਲੀ
88¢ lb
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$18.99 lb
Zucchini Squash
ਜ਼ੁਕੀਨੀ ਸਕੁਐਸ਼
88¢ lb
Broccoli Crown
ਬਰੌਕਲੀ ਕਰਾਉਨ
$1.49 lb
Product images may differ from the actual product.
Thur June 16, 2022 - Wed June 22, 2022
We reserve the right to limit the quantities while they last
Specials valid for Lower Mainland only
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana
SINCE 1994
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. --------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520